ਰੋਜ਼ਾਨਾ ਲੋਕ ਬਾਣੀ
ਨੂੰ ਪੱਤਰਕਾਰਾਂ ਦੀ
ਲੋੜ
99155-94111

ਰੋਜ਼ਾਨਾ ਸੱਚ ਤੇ ਨਿਡਰ ਆਵਾਜ਼

# ਲੋਕ ਬਾਣੀ

Email : lokbani08@gmail.com
ਮੰਗਲਵਾਰ, 21 ਜੂਨ 2022
ਮੁੱਖ ਸੰਪਾਦਕ :- ਅਮਨ ਮਹਿਰਾ (ਜਲੰਧਰ)

R.N.I. Punpun/29016/2008 ✲ ਸਾਲ : 14 ✲ ਅੰਕ : 457 ✲ ਮੁੱਲ : 5.00 ਰੁਪਏ ✲ ਕੁੱਲ ਪੇਜ਼ : 10 ✲ ਫੈਕਸ : 0181-2211009 ✲ M. 99155-94111

ਇਸ਼ਤਿਹਾਰ ਲਵਾਓ
ਵਪਾਰ ਵਧਾਓ
ਰੋਜਾਨਾ ਲੋਕ
ਬਾਣੀ
ਅਖਬਾਰ ਵਿਚ
ਸੰਪਰਕ ਕਰੋ
0181-2211009
Newslokbani@gmail.com

# ਅਮਰੀਕਾ ਦੇ ਵਾਸ਼ਿੰਗਟਨ ’ਚ ਗੋਲੀਬਾਰੀ 1 ਦੀ ਮੌਤ





**ਨਵੀਂ ਦਿੱਲੀ/ਲੋਕ ਬਾਣੀ**

ਅਮਰੀਕਾ ਦੀ ਰਾਜਧਾਨੀ ਵਾਸ਼ਿੰਗਟਨ ਡੀਸੀ ਵਿੱਚ ਗੋਲੀਬਾਰੀ ਦੀ ਖ਼ਬਰ ਸਾਹਮਣੇ ਆ ਰਹੀ ਹੈ ਇਸ ’ਚ ਇੱਕ ਪੁਲਿਸ ਅਧਿਕਾਰੀ ਸਮੇਤ ਕਈ ਲੋਕਾਂ ਦੇ ਜ਼ਖਮੀ ਹੋਣ ਦੀ ਖਬਰ ਹੈ ਫੌਕਸ ਨਿਊਜ਼ ਦੀ ਰਿਪੋਰਟ ਮੁਤਾਬਕ ਮੈਟਰੋਪੋਲੀਟਨ ਪੁਲਿਸ ਵਿਭਾਗ ਨੇ ਦੱਸਿਆ ਕਿ ਯੂ ਸਟਰੀਟ ’ਤੇ ਇਕ ਪੁਲਿਸ ਅਧਿਕਾਰੀ ਸਮੇਤ ਕਈ ਲੋਕਾਂ ਨੂੰ ਗੋਲੀ ਮਾਰ ਦਿੱਤੀ ਗਈ ਗੋਲੀਬਾਰੀ ਦੀ ਵੀਡੀਓ ’ਚ ਪੁਲਿਸ ਅਧਿਕਾਰੀ ਸੜਕ ’ਤੇ ਪਏ ਕਈ ਲੋਕਾਂ ਦੀ ਮਦਦ ਕਰਦੇ ਨਜ਼ਰ ਆ ਰਹੇ ਹਨ

ਪੁਲਿਸ ਨੇ ਦੱਸਿਆ ਕਿ ਗੋਲੀਬਾਰੀ ਦੀ ਇਹ ਘਟਨਾ ਵਾਸ਼ਿੰਗਟਨ ਡੀਸੀ ਵਿੱਚ ਜੂਨਟੀਨਥ ਸੰਗੀਤ ਸਮਾਰੋਹ ਦੇ ਆਯੋਜਨ ਦੇ ਸਮੇਂ ਵਾਪਰੀ ਜਿਸ ਵਿੱਚ ਇੱਕ ਪੁਲਿਸ ਅਧਿਕਾਰੀ ਸਮੇਤ ਕਈ ਲੋਕਾਂ ਨੂੰ ਗੋਲੀ ਲੱਗੀ ਹੈ ਵੀਡੀਓ ਫੁਟੇਜ ’ਚ ਘਟਨਾ ਸਥਾਨ ’ਤੇ ਹਫੜਾ-ਦਫੜੀ ਦਾ ਮਾਹੌਲ ਦਿਖਾਈ ਦੇ ਰਿਹਾ ਹੈ ਪੁਲਿਸ ਨੇ ਦੱਸਿਆ ਕਿ 14ਵੀਂ ਅਤੇ ਯੂ ਸਟਰੀਟ ਦੇ ਇਲਾਕੇ ਵਿੱਚ ਗੋਲੀਬਾਰੀ ਦੀ ਘਟਨਾ ਵਾਪਰੀ ਹੈ ਪੁਲਸ ਉਸ ’ਤੇ ਜਵਾਬੀ ਕਾਰਵਾਈ ਕਰ ਰਹੀ ਹੈ ਇਸ ਘਟਨਾ ਵਿੱਚ ਇੱਕ ਪੁਲਿਸ ਅਧਿਕਾਰੀ ਸਮੇਤ ਕਈ ਲੋਕਾਂ ਨੂੰ ਗੋਲੀ ਲੱਗੀ ਹੈ।

# ਮੱਧ ਪ੍ਰਦੇਸ਼ ਵਿੱਚ ਪੁਲਿਸ ਵੱਲੋਂ 6 ਨਕਸਲੀ ਢੇਰ




**ਭੋਪਾਲ/ਲੋਕ ਬਾਣੀ**

ਮੱਧ ਪ੍ਰਦੇਸ਼ ਦੇ ਬਾਲਾਘਾਟ ਜ਼ਿਲ੍ਹੇ @ਚ ਕਡਲਾ ਪਿੰਡ ਵਿਖੇ ਪੁਲਿਸ ਨਾਲ ਮੁੱਠਭੇੜ @ਚ ਮਹਿਲਾ ਨਕਸਲੀ ਸਮੇਤ 5 ਨਕਸਲੀ ਮਾਰੇ ਗਏ ਮੱਧ ਪ੍ਰਦੇਸ਼ ਦੇ ਮੁੱਖ ਮੰਤਰੀ ਸ਼ਿਵਰਾਜ ਸਿੰਘ ਚੌਹਾਨ ਨੇ ਨਕਸਲੀਆਂ ਨੂੰ ਮਾਰਨ ਵਾਲੇ ਪੁਲਿਸ ਮੁਲਾਜ਼ਮਾਂ ਨੂੰ ਤਰੱਕੀ ਅਤੇ ਬਹਾਦਰੀ ਪੁਰਸਕਾਰ ਦੇਣ ਦਾ ਐਲਾਨ ਕੀਤਾ ਹੈ।

# ਇਕ ਘਰ ਵਿਚੋਂ ਪਰਿਵਾਰ ਦੇ 9 ਜੀਆਂ ਦੀਆਂ ਲਾਸ਼ਾਂ ਮਿਲਿਆ

**ਮੁੰਬਈ/ਲੋਕ ਬਾਣੀ**

ਮਹਾਰਾਸ਼ਟਰ ਤੋਂ ਇੱਕ ਵੱਡੀ ਖਬਰ ਸਾਹਮਣੇ ਆਈ ਹੈ ਸੂਬੇ ਦੇ ਸਾਂਗਲੀ ਜ਼ਿਲ੍ਹੇ @ਚ ਇਕ ਘਰ @ਚੋਂ 9 ਲੋਕਾਂ ਦੀਆਂ ਲਾਸ਼ਾਂ ਮਿਲੀਆਂ ਹਨ ਇਹ ਸਾਰੀਆਂ 9 ਲਾਸ਼ਾਂ ਇੱਕੋ ਪਰਿਵਾਰ ਦੀਆਂ ਹਨ। ਇਸ ਘਟਨਾ ਤੋਂ ਬਾਅਦ ਇਲਾਕੇ @ਚ ਸਨਸਨੀ ਫੈਲ ਗਈ ਹੈ ਘਟਨਾ ਦੀ ਸੂਚਨਾ ਮਿਲਦੇ ਹੀ ਪੁਲਿਸ ਟੀਮ ਮੌਕੇ @ਤੇ ਪਹੁੰਚ ਗਈ ਅਤੇ ਮਾਮਲੇ ਦੀ ਜਾਂਚ ਸ਼ੁਰੂ ਕਰ ਦਿੱਤੀ ਪੁਲਿਸ ਨੇ ਇਨ੍ਹਾਂ ਸਾਰੀਆਂ ਮੌਤਾਂ ਪਿੱਛੇ ਖ਼ੁਦਕੁਸ਼ੀ ਦਾ ਖ਼ਦਸ਼ਾ ਪ੍ਰਗਟਾਇਆ ਹੈ। ਨੌਂ ਲੋਕਾਂ ਦੀਆਂ ਲਾਸ਼ਾਂ ਮਿਲਣ ਦੀ ਘਟਨਾ ਸਾਂਗਲੀ ਦੇ ਅੰਬਿਕਾਨਗਰ ਦੀ ਹੈ ਘਟਨਾ ਤੋਂ




ਬਾਅਦ ਇਲਾਕੇ ’ਚ ਸਨਸਨੀ ਫੈਲ ਗਈ ਹੈ ਪੁਲਿਸ ਅਨੁਸਾਰ ਇਹ ਸਾਰੀਆਂ ਲਾਸ਼ਾਂ ਦੋ ਸਕੇ ਭਰਾਵਾਂ ਦੇ ਪਰਿਵਾਰਕ ਮੈਂਬਰਾਂ ਦੀਆਂ ਹਨ ਪੁਲਿਸ ਨੇ ਜਾਂਚ ਸ਼ੁਰੂ ਕਰ ਦਿੱਤੀ ਹੈ। ਪੁਲਿਸ ਨੇ ਸੋਮਵਾਰ ਨੂੰ ਦੱਸਿਆ ਕਿ ਅੰਬਿਕਾਨਗਰ @ਚ ਐਤਵਾਰ ਰਾਤ ਜ਼ਹਿਰ ਖਾਣ ਨਾਲ ਇੱਕੋ ਪਰਿਵਾਰ ਦੇ 9 ਲੋਕਾਂ ਦੀ ਮੌਤ ਹੋ ਗਈ।

# ਦੇਸ਼ ਵਿੱਚ ਅਗਨੀਪਥ ਦਾ ਵਿਰੋਧ ਜਾਰੀ

**ਦਿੱਲੀ/ਕਪੂਰ**

ਕਾਂਗਰਸ, ਆਮ ਆਦਮੀ ਪਾਰਟੀ ਅਤੇ ਕੁੱਝ ਹੋਰ ਜਥੇਬੰਦੀਆਂ ਵੱਲੋਂ ਹਥਿਆਰਬੰਦ ਬਲਾਂ ਵਿੱਚ ਭਰਤੀ ਸਬੰਧੀ ਸਕੀਮ ‘ਅਗਨੀਪਥ’ ਖ਼ਿਲਾਫ਼ ਅੱਜ ਇੱਥੇ ਸ਼ਹਿਰ ਵਿੱਚ ਰੋਸ ਪ੍ਰਦਰਸ਼ਨ ਕੀਤਾ ਗਿਆ ਅਤੇ ਉਨ੍ਹਾਂ ਨੇ ਕੇਂਦਰ ਸਰਕਾਰ ਤੋਂ ਇਸ ਸਕੀਮ ਨੂੰ ਵਾਪਸ ਲੈਣ ਦੀ ਮੰਗ ਕੀਤੀ ਇਸ ਦੌਰਾਨ ਪੁਲੀਸ ਨੇ ਮੁੱਖ ਮਾਰਗ ਜਾਮ ਕਰਨ ’ਤੇ ਕਈ ਪ੍ਰਦਰਸ਼ਨਕਾਰੀਆਂ ਨੂੰ ਹਿਰਾਸਤ ਵਿੱਚ ਲੈ ਲਿਆ ਅਧਿਕਾਰੀਆਂ ਨੇ ਦੱਸਿਆ ਕਿ ‘ਭਾਰਤ ਬੰਦ’ ਦੇ ਸੱਦੇ ਦੇ ਮੱਦੇਨਜ਼ਰ ਪੁਲੀਸ ਨੇ ਸ਼ਹਿਰ ਵਿੱਚ ਸੁਰੱਖਿਆ ਪ੍ਰਬੰਧ ਮਜ਼ਬੂਤ ਕੀਤੇ ਹੋਏ ਸਨ ਅਤੇ ਅਮਨ ਤੇ ਕਾਨੂੰਨ ਦੀ ਸਥਿਤੀ ਨੂੰ ਭੰਗ ਕਰਨ ਦੀ ਕੋਸ਼ਿਸ਼ ਕਰਨ ਵਾਲਿਆਂ ਨੂੰ



ਸਖ਼ਤ ਚਿਤਾਵਨੀ ਦਿੱਤੀ ਗਈ ਸੀ ਇਸੇ ਦੌਰਾਨ ਕਾਂਗਰਸੀ ਆਗੂ ਉਦੈ ਚਿਬ ਦੀ ਅਗਵਾਈ ਹੇਠ ਸੈਂਕੜੇ ਯੂਥ ਕਾਰਕੁਨਾਂ ਨੇ ਸ਼ਹਿਰ ਵਿੱਚ ਇਕੱਠੇ ਹੋ ਕੇ ‘ਅਗਨੀਪਥ’ ਖ਼ਿਲਾਫ਼ ਰੋਸ ਰੈਲੀ ਕੱਢੀ, ਜਿਨ੍ਹਾਂ ਨੂੰ ਪੁਲੀਸ ਨੇ ਰੋਕ ਲਿਆ ਬਾਅਦ ਵਿੱਚ ਪੁਲੀਸ ਨੇ ਚਿਬ ਸਣੇ ਦਰਜਨ ਤੋਂ ਵੱਧ ਕਾਰਕੁਨਾਂ ਨੂੰ ਹਿਰਾਸਤ ਵਿੱਚ ਲੈ ਲਿਆ ਇਸੇ ਤਰ੍ਹਾਂ ਜਿਊਲ ਚੌਕ ਇਲਾਕੇ ਵਿੱਚ ਰੈਲੀ ਕੱਢ ਰਹੇ ‘ਆਪ’ ਕਾਰਕੁਨਾਂ ਨੂੰ ਵੀ ਹਿਰਾਸਤ ਵਿੱਚ ਲਿਆ ਗਿਆ।



# ਹਿਮਾਚਲ ’ਚ ਫਸੇ 11 ਸੈਲਾਨੀ

**ਸ਼ਿਮਲਾ/ਲੋਕ ਬਾਣੀ**

ਹਿਮਾਚਲ ਪ੍ਰਦੇਸ਼ ਦੇ ਜ਼ਿਲ੍ਹਾ ਸੋਲਨ ਵਿੱਚ ਪਰਵਾਣੂ ਦੇ ਪ੍ਰਸਿੱਧ ਟਿੰਬਰ ਟਰੇਲ ਰੋਪ ਵਿੱਚ ਤਕਨੀਕੀ ਖਰਾਬੀ ਕਾਰਨ ਟਰਾਲੀ ਵਿੱਚ ਫਸੇ 11 ਸੈਲਾਨੀਆਂ ਨੂੰ ਛੇ ਘੰਟਿਆਂ ਦੀ ਜੱਦੋਜਹਿਦ ਮਗਰੋਂ ਬਚਾਅ ਲਿਆ ਗਿਆ ਹੈ ਜਾਣਕਾਰੀ ਮੁਤਾਬਕ ਇਹ ਸਾਰੇ ਸੈਲਾਨੀ ਦਿੱਲੀ ਦੇ ਦੱਸੇ ਜਾ ਰਹੇ ਹਨ ਟਰਾਲੀ ਕਰੀਬ 200 ਮੀਟਰ ਦੂਰ ਜਾ ਕੇ ਜਾਮ ਹੋ ਗਈ ਸੀ, ਜਿਸ ਵਿੱਚ ਚਾਰ ਔਰਤਾਂ ਸਣੇ 11 ਜਣੇ ਸਵਾਰ ਸਨ ਸੋਲਨ ਦੇ ਐੱਸਪੀ ਅਸ਼ੋਕ ਵਰਮਾ ਨੇ ਦੱਸਿਆ ਕਿ ਇੱਕ ਵਿਅਕਤੀ ਨੂੰ ਪਹਿਲਾਂ ਹੀ ਬਚਾਅ ਲਿਆ ਗਿਆ ਸੀ ਅਧਿਕਾਰੀਆਂ ਨੇ ਦੱਸਿਆ ਕਿ ਬਾਅਦ ਵਿੱਚ ਐੱਨਡੀਆਰਐੱਫ ਦੀ ਟੀਮ ਘਟਨਾ ਸਥਾਨ ’ਤੇ ਪੁੱਜੀ ਘਟਨਾ ਬਾਰੇ ਸੂਚਨਾ ਮਿਲਣ ’ਤੇ ਮੁੱਖ ਮੰਤਰੀ ਜੈ ਰਾਮ ਠਾਕੁਰ ਵੀ ਪਹੁੰਚ ਗਏ।



# ਹੁਣ ਦਿੱਲੀ ਪੁਲਿਸ ਨੇ ਫੜੇ ਮੂਸੇਵਾਲਾ ਕਤਲ ਕਾਂਡ ਦੇ 2 ਸ਼ੂਟਰ

**ਚੰਡੀਗੜ੍ਹ/ਵਿਨੋਦ ਸ਼ਰਮਾ:-** ਦਿੱਲੀ ਪੁਲੀਸ ਦੇ ਸਪੈਸ਼ਲ ਸੈੱਲ ਨੇ ਪੰਜਾਬੀ ਗਾਇਕ ਸਿੱਧੂ ਮੂਸੇਵਾਲਾ ਦੇ ਕਤਲ ਮਾਮਲੇ ਵਿੱਚ ਦੋ ਸ਼ਾਰਪ ਸ਼ੂਟਰਾਂ ਸਣੇ ਤਿੰਨ ਜਣਿਆਂ ਨੂੰ ਗ੍ਰਿਫ਼ਤਾਰ ਕੀਤਾ ਹੈ ਅਧਿਕਾਰੀਆਂ ਨੇ ਅੱਜ ਦੱਸਿਆ ਕਿ ਮੁਲਜ਼ਮਾਂ ਦੀ ਪਛਾਣ ਪ੍ਰਿਆਵਰਤ ਉਰਫ਼ ਫੌਜੀ (26) ਵਾਸੀ ਸੋਨੀਪਤ, ਕਸ਼ਿਸ਼ (24) ਵਾਸੀ ਜ਼ਿਲ੍ਹਾ ਝੱਜਰ ਅਤੇ ਕੇਸ਼ਵ ਕੁਮਾਰ (29) ਵਾਸੀ ਬਠਿੰਡਾ (ਪੰਜਾਬ) ਵਜੋਂ ਹੋਈ ਹੈ ਦਿੱਲੀ ਦੀ ਇੱਕ ਅਦਾਲਤ ਨੇ ਤਿੰਨਾਂ ਨੂੰ 14 ਦਿਨ ਦੇ ਪੁਲੀਸ ਰਿਮਾਂਡ ’ਤੇ ਭੇਜ ਦਿੱਤਾ ਹੈ ਇਨ੍ਹਾਂ ਤਿੰਨਾਂ ਨੂੰ ਗੁਜਰਾਤ ਦੇ ਕੱਛ ਵਿੱਚੋਂ ਐਤਵਾਰ ਨੂੰ ਗ੍ਰਿਫ਼ਤਾਰ ਕੀਤਾ ਗਿਆ ਸੀ।

ਪੰਜਾਬ ਦੇ ਹਰ ਜ਼ਿਲ੍ਹੇ ਤੋਂ ਰੋਜ਼ਾਨਾ ਲੋਕ ਬਾਣੀ ਅਖ਼ਬਾਰ ਲਈ
ਪੱਤਰਕਾਰਾਂ ਦੀ ਲੋੜ ਹੈ ਚਾਹਵਾਨ ਪੱਤਰਕਾਰ ਸੰਪਰਕ ਕਰਨ ਮੁੱਖ ਦਫਤਰ
ਲੋਕ ਬਾਣੀ ਸੰਗਮ ਕੰਪਲੈਕਸ, ਮਿਲਾਪ ਚੌਕ ਜਲੰਧਰ 99155-94111

# ਪੀਲੇ ਕਾਰਡ ਬਣਾਉਣ ਚ ਪੰਜਾਬ ਸਰਕਾਰ ਵਲੋਂ ਕੀਤਾ ਗਿਆ ਵਿਤਕਰਾ ਕਿਸੇ ਹਾਲਤ ਚ ਬਰਦਾਸਤ ਨਹੀਂ ਕੀਤਾ jawega : ਸਤਿੰਦਰ ਸਿੰਘ ਰਾਜਾ



**ਪਠਾਨਕੋਟ/ਲੋਕ ਬਾਣੀ**

ਪੱਤਰਕਾਰਾਂ ਦੇ ਪੀਲੇ ਕਾਰਡ ਬਣਾਉਣ ਚ ਪੰਜਾਬ ਸਰਕਾਰ ਵਲੋਂ ਕੀਤਾ ਗਿਆ ਵਿਤਕਰਾ ਕਿਸੇ ਹਾਲਤ ਚ ਬਰਦਾਸਤ ਨਹੀਂ ਕੀਤਾ ਇਨ੍ਹਾਂ ਗੱਲਾਂ ਦਾ ਪ੍ਰਗਟਾਵਾ ਪਠਾਨਕੋਟ ਵਿਖੇ ਰਿਪੋਟਰਸ ਐਸੋਸੀਏਸ਼ਨ ਰਜਿ.ਪੰਜਾਬ ਦੀ ਮੀਟਿੰਗ ਦੌਰਾਨ ਐਸੋਸੀਏਸ਼ਨ ਦੇ ਪੰਜਾਬ ਪ੍ਰਧਾਨ ਸਤਿੰਦਰ ਸਿੰਘ ਰਾਜਾ ਨੇ ਕੀਤਾ ਉਨ੍ਹਾਂ ਕਿਹਾ ਕਿ ਪੱਤਰਕਾਰ ਆਪਣੀ ਜਾਨ ਨੂੰ ਖਤਰੇ ਚ ਪਾ ਕੇ ਪੱਤਰਕਾਰੀ ਕਰ ਲੋਕਾਂ ਦੀ ਆਵਾਜ਼ ਸਰਕਾਰ ਤੱਕ ਪਹੁੰਚਾਉਦੇ ਹਨ ਤਾਂ ਜੋ ਸਰਕਾਰ ਸਹੀ ਤਰੀਕੇ ਨਾਲ ਪੰਜਾਬ ਦੇ ਲੋਕਾਂ ਦੀਆ ਸਮੱਸਿਆ ਨੂੰ ਹੱਲ ਕਰ ਸਕੇ ਉਨ੍ਹਾਂ ਕਿਹਾ ਕਿ ਸੂਬੇ ਚ ਸਮੇ ਸਮੇ ਤੇ ਰਾਜ ਕਰਨ ਵਾਲੀਆਂ ਸਰਕਾਰਾਂ ਨੇ ਅੱਜ ਤੱਕ ਪੱਤਰਕਾਰਾਂ ਵਾਰੇ ਨਹੀਂ ਸੋਚਿਆ ਹੁਣ ਸੂਬੇ ਚ ਭਗਵੰਤ ਮਾਨ ਦੀ ਆਮ ਆਦਮੀ ਪਾਰਟੀ ਦੀ ਸਰਕਾਰ ਆਉਣ ਤੇ ਪੱਤਰਕਾਰਾਂ ਨੂੰ ਆਸ ਦੀ ਕਿਰਨ ਨਜ਼ਰ ਆਈ ਸੀ ਕਿ ਇਹ ਸਰਕਾਰ ਪੱਤਰਕਾਰਾਂ ਦੇ ਹੱਕ ਚ ਕੰਮ ਕਰੇਗੀ ਤੇ ਮੀਡੀਆ ਪਾਲਸੀ ਲਾਗੂ ਕਰੇਗੀ ਪਰ ਇਸ ਸਰਕਾਰ ਨੇ ਮੀਡੀਆ ਪਾਲਸੀ ਤਾਂ ਕਿ ਲਾਗੂ ਕਰਨੀ ਸੀ ਸਗੋਂ ਪੱਤਰਕਾਰਾਂ ਦੀ ਪਹਿਚਾਣ ਲਈ ਸਰਕਾਰ ਵਲੋਂ ਜਾਰੀ ਕੀਤਾ ਜਾਂਦਾ ਪੀਲਾ ਕਾਰਡ ਕੁਝ ਚੋਣਵੇਂ ਪੱਤਰਕਾਰਾਂ ਦੇ ਬਣਾ ਕੇ ਬਾਕੀ ਪੱਤਰਕਾਰਾਂ ਨਾਲ ਮਤਰੇਈ ਮਾਂ ਵਾਲਾ ਸਲੂਕ ਕੀਤਾ ਹੈ ਜਿਸਨੂੰ ਰਿਪੋਟਰਸ ਐਸੋਸੀਏਸ਼ਨ ਪੰਜਾਬ ਕਦੇ ਵੀ ਬਰਦਾਸਤ ਨਹੀਂ ਕਰੇਗੀ ਉਨ੍ਹਾਂ ਕਿਹਾ ਕਿ ਜੇਕਰ ਪੰਜਾਬ ਸਰਕਾਰ ਨੇ ਪੱਤਰਕਾਰਾਂ ਨਾਲ ਮਤਰੇਈ ਮਾਂ ਵਾਲਾ ਸਲੂਕ ਬੰਦ ਨਹੀਂ ਕੀਤਾ ਤੇ ਬਾਕੀ ਪੱਤਰਕਾਰਾਂ ਦੇ ਪੀਲੇ ਕਾਰਡ ਨਾ ਬਣਵਾਏ ਤਾਂ ਰਿਪੋਟਰਸ ਐਸੋਸੀਏਸ਼ਨ ਪੂਰੇ ਪੰਜਾਬ ਦੇ ਵੱਖ ਵੱਖ ਜਿਲਿਆਂ ਚ ਪੰਜਾਬ ਸਰਕਾਰ ਤੇ ਡੀਪੀਆਰਓ ਦੇ ਪੁਤਲੇ ਫੂਕੇਗੀ ਜਿਸਦੀ ਜਿੰਮੇਵਾਰੀ ਪੰਜਾਬ ਸਰਕਾਰ ਦੀ ਹੋਵੇਗੀ ਉਪਰੰਤ ਰਿਪੋਟਰਸ ਐਸੋਸੀਏਸ਼ਨ ਦੇ ਜਨਰਲ ਸਕੱਤਰ ਪੰਜਾਬ ਰਣਦੀਪ ਸਿੱਧੂ ਨੇ ਕਿਹਾ ਕਿ ਪੰਜਾਬ ਸਰਕਾਰ ਨੂੰ ਚਾਹੀਦਾ ਹੈ ਕਿ ਉਹ ਪੱਤਰਕਾਰਾ ਦੀ ਸੁਰੱਖਿਆ ਲਈ ਵਿਸੇਸ਼ ਕ?ਾਨੂਨ ਬਣਾਉਣ ਤਾਂ ਜੋ ਪੱਤਰਕਾਰਾਂ ਤੇ ਹੋਰ ਰਹੇ ਹਰ ਰੋਜ਼ ਹਮਲਿਆਂ ਨਾਲ ਉਨ੍ਹਾਂ ਦਾ ਜਾਨੀ ਮਾਲੀ ਨੁਕਸਾਨ ਕਰਨ ਵਾਲਿਆਂ ਨੂੰ ਸਖਤ ਤੋਂ ਸਖ਼ਤ ਸਜ਼ਾ ਮਿਲ ਸਕੇ ਤੇ ਪੱਤਰਕਾਰ ਬਿਨਾ ਕਿਸੇ ਡਰ ਦੇ ਪੱਤਰਕਾਰੀ ਕਰ ਸਕਣ ਇਸ ਮੌਕੇ ਰਣਦੀਪ ਕੁਮਾਰ ਸਿੱਧੂ ਜਨਰਲ ਸਕੱਤਰ ਪੰਜਾਬ,ਇਕਬਾਲ ਮਹੇ ਸੀਨੀਅਰ ਮੀਤ ਪ੍ਰਧਾਨ,ਬਾਬਾ ਸੁਰਜੀਤ ਸਿੰਘ ਪ੍ਰਧਾਨ ਭੋਗਪੁਰ ਯੂਨਿਟ,ਲਕਸੈ ਮਹਾਜਨ,ਅਰੁਣ ਸੇਰਿਆਨ,ਤਰੁਣ ਸਨੋਤਰਾਂ,ਰੋਸ਼ਨ ਕ ਨ ੋ ਤ ਰ ਾਂ , ਸ਼ ਮ ਸ਼ ੇ ਰ ਿ ਸੰ ਘ , ਜ ਗ ਦੀ ਸ਼ , ਜ ਸ ਿ ਵੰ ਦ ਰ ਕੌਰ,ਨਿਖਿਲ,ਜਗਦੀਸ਼ ਰਾਜ,ਰੋਹਿਤ,ਸੂਰਜ ਪ੍ਰਕਾਸ਼,ਵਿਨੋਧ ਖੋਸਲਾ ਤੇ ਪਠਾਨਕੋਟ ਟੀਮ ਦੇ ਹੋਰ ਮੈਂਬਰ ਹਾਜਿਰ ਸਨ।


# ਸੁਖਬੀਰ ਬਾਦਲ ਨੇ ਮੁੱਖ ਮੰਤਰੀ ਭਗਵੰਤ ਮਾਨ ਤੋਂ ਮੰਗਿਆ ਅਸਤੀਫਾ



**ਭਵਾਨੀਗੜ੍ਹ/ਲੋਕ ਬਾਣੀ**

ਸੁਖਬੀਰ ਨੇ ਕਿਹਾ ਕਿ ਜੇਕਰ ਪੰਜਾਬ ਨੂੰ ਬਚਾਉਣਾ ਹੈ ਤਾਂ ਭਗਵੰਤ ਮਾਨ ਨੂੰ ਤੁਰੰਤ ਅਸਤੀਫਾ ਦੇ ਦੇਣਾ ਚਾਹੀਦਾ ਹੈ ਕੇਜਰੀਵਾਲ ਪੰਜਾਬ ਦਾ ਮੁੱਖ ਮੰਤਰੀ ਹੈ, ਜੋ 24 ਘੰਟੇ ਪੰਜਾਬ ਦੇ ਫ਼ੈਸਲੇ ਕਰਦਾ ਰਹਿੰਦਾ ਹੈ ਸੂਬੇ ਦੀ ਜਨਤਾ ਨੂੰ ਕੇਜਰੀਵਾਲ ਦਾ ਬਾਈਕਾਟ ਕਰਨਾ ਚਾਹੀਦਾ ਹੈ। ਪੰਜਾਬ ਦੇ ਲੋਕ ਇਨ੍ਹਾਂ ਜਲਦੀ ਕਿਸੇ ਤੋਂ ਵੀ ਦੁੱਖੀ ਨਹੀਂ ਹੋਏ, ਜਿਨ੍ਹਾਂ ਜਲਦੀ ਝਾੜੂ ਵਾਲਿਆਂ ਤੋਂ ਉਹ ਦੁੱਖੀ ਹੋ ਗਏ ਹਨ ਇਨ੍ਹਾਂ ਚੋਣਾਂ 'ਚ ਲੋਕ 'ਆਪ' ਉਮੀਦਵਾਰ ਦੀ ਜ਼ਮਾਨਤ ਜਬਤ ਕਰਵਾ ਕੇ ਆਪਣਾ ਗੁੱਸਾ ਕੱਢਣਗੇ ਇਸ ਚੋਣ ਨਤੀਜੇ 'ਚ ਝਾੜੂ ਤੀਸਰੇ ਜਾਂ ਚੌਥੇ ਸਥਾਨ 'ਤੇ ਹੋਵੇਗਾ। ਉਨ੍ਹਾਂ ਕਿਹਾ ਕਿ ਪੰਜਾਬ 'ਚ ਨਾ ਹੀ ਸਰਕਾਰ ਨਾਮ ਦੀ ਕੋਈ ਚੀਜ਼ ਹੈ ਅਤੇ ਨਾ ਹੀ ਕਾਨੂੰਨ ਨਾਮ ਦੀ 'ਆਪ' ਦੇ ਰਾਜ 'ਚ ਬੇਖੌਫ ਗੈਂਗਸਟਾਰਾਂ ਵੱਲੋਂ ਖੁੱਲੇਆਮ ਕਿਸਾਨਾਂ, ਗਾਇਕਾਂ ਅਤੇ ਕਬੱਡੀ ਖਿਡਾਰੀਆਂ ਤੋਂ ਫਿਰੌਤੀਆਂ ਮੰਗੀਆਂ ਜਾ ਰਹੀਆਂ ਹਨ। 'ਆਮ' ਸਰਕਾਰ ਵਲੋਂ 1000 ਰੁਪਏ ਦਿੱਤੇ ਜਾਣ ਦੇ ਬਿਆਨ 'ਤੇ ਸੁਖਬੀਰ ਬਾਦਲ ਨੇ ਕਿਹਾ ਕਿ ਪੰਜਾਬ 'ਚ ਕਿਸੇ ਔਰਤ ਦੇ ਖ਼ਾਤੇ 'ਚ ਕੋਈ ਪੈਸਾ ਨਹੀਂ ਆਉਣਾ।

# ਪੰਜਾਬ ਸਰਕਾਰ ਦਾ ਵੱਡਾ ਐਲਾਨ; ਸੰਗਰੂਰ ਜਿਮਨੀ ਚੋਣਾਂ ਵਾਲੇ ਦਿਨ 23 ਜੂਨ ਨੂੰ ਹੋਵੇਗੀ 'ਪੇਡ' ਛੁੱਟੀ




**ਚੰਡੀਗੜ੍ਹ/ਲੋਕ ਬਾਣੀ**

ਪੰਜਾਬ ਸਰਕਾਰ ਵੱਲੋਂ ਸੰਗਰੂਰ ਸੰਸਦੀ ਹਲਕੇ ਦੀ ਚੋਣ ਲਈ ਸੰਸਦੀ ਹਲਕੇ ਦੇ ਵੋਟਰਾਂ ਲਈ 23 ਜੂਨ ਦਿਨ ਵੀਰਵਾਰ ਨੂੰ ਤਨਖਾਹ ਸਮੇਤ (ਪੇਡ) ਛੁੱਟੀ ਦਾ ਐਲਾਨ ਕੀਤਾ ਗਿਆ ਹੈ।

ਸਰਕਾਰੀ ਬੁਲਾਰੇ ਨੇ ਅੱਗੇ ਦੱਸਿਆ ਕਿ ਸੰਗਰੂਰ ਸੰਸਦੀ ਚੋਣ ਖੇਤਰ ਵਿਖੇ ਹੋ ਰਹੀਆਂ ਲੋਕ ਸਭਾ ਦੀਆਂ ਆਮ ਚੋਣਾਂ 2022 ਨੂੰ ਮੁੱਖ ਰੱਖਦੇ ਹੋਏ ਸੂਬੇ ਵਿੱਚ ਸਥਿਤ ਉਦਯੋਗਿਕ ਅਦਾਰੇ, ਦੁਕਾਨਾਂ ਤੇ ਤਜ਼ਾਰਤੀ ਅਦਾਰਿਆਂ ਜਿਨ੍ਹਾਂ ਵਿੱਚ ਜ਼ਿਲਾ ਸੰਗਰੂਰ, ਬਰਨਾਲਾ ਅਤੇ ਮਾਲੇਰਕੋਟਲਾ ਦੇ ਵੋਟਰ ਕੰਮ ਕਰਦੇ ਹਨ, ਨੂੰ ਆਪਣੀ ਵੋਟ ਦਾ ਹੱਕ ਸੁਨਿਸ਼ਚਤ ਕਰਨ ਲਈ ਮਿਤੀ 23 ਜੂਨ 2022 ਦਿਨ ਵੀਰਵਾਰ ਨੂੰ ਸਰਕਾਰ ਵੱਲੋਂ ਇਨ੍ਹਾਂ ਹਲਕਿਆਂ ਦੇ ਅਧਿਕਾਰ ਖੇਤਰ ਵਿੱਚ ਆਉਂਦੇ ਉਦਯੋਗਿਕ ਅਦਾਰਿਆਂ, ਦੁਕਾਨਾਂ ਤੇ ਤਜ਼ਾਰਤੀ ਅਦਾਰਿਆਂ ਜਿੱਥੇ ਵੀਰਵਾਰ ਨੂੰ ਨਾਗਾ ਨਹੀਂ ਰੱਖਿਆ ਜਾਂਦਾ ਹੈ, ਲਈ ਤਨਖਾਹ ਸਮੇਤ ਹਫ਼ਤਾਵਾਰੀ ਛੁੱਟੀ ਐਲਾਨੀ ਜਾਂਦੀ ਹੈ॥

# ਸੰਗਰੂਰ ਚੋਣਾਂ ਦਾ ਇਨਕਲਾਬੀਆਂ ਵੱਲੋਂ ਬਾਈਕਾਟ; ਲੋਕਾਂ ਨੂੰ ਕਿਸੇ ਉਮੀਦਵਾਰ ਨੂੰ ਵੋਟ ਨਾ ਪਾਉਣ ਦੀ ਅਪੀਲ



**ਸੰਗਰੂਰ/ਲੋਕ ਬਾਣੀ**

ਅੱਜ ਗਦਰ ਮੈਮੋਰੀਅਲ ਭਵਨ ਸੰਗਰੂਰ ਵਿਖੇ ਜ਼ਮੀਨ ਪ੍ਰਾਪਤੀ ਸੰਘਰਸ਼ ਕਮੇਟੀ, ਨੌਜਵਾਨ ਭਾਰਤ ਸਭਾ ਅਤੇ ਕਿਰਤੀ ਕਿਸਾਨ ਯੂਨੀਅਨ ਦੀ ਮੀਟਿੰਗ ਹੋਈ ਜਿਸ ਵਿੱਚ ਸੰਗਰੂਰ ਸੀਟ ਤੇ ਹੋ ਰਹੀ ਚੋਣ ਸਬੰਧੀ ਵਿਚਾਰ ਚਰਚਾ ਕੀਤੀ ਗਈ ਮੀਟਿੰਗ ਨੂੰ ਸੰਬੋਧਨ ਕਰਦੇ ਹੋਏ ਮੁਕੇਸ਼ ਮਲੌਦ, ਭੁਪਿੰਦਰ ਸਿੰਘ ਲੌਂਗੋਵਾਲ ਅਤੇ ਰੁਪਿੰਦਰ ਸਿੰਘ ਚੌਂਦਾ ਨੇ ਕਿਹਾ ਕੇ ਚੋਣਾਂ ਲੜ ਰਹੇ ਕਿਸੇ ਵੀ ਪਾਰਟੀ ਕੋਲ ਲੋਕਾਂ ਦੀ ਭਲਾਈ ਲਈ ਕੋਈ ਪ੍ਰੋਗਰਾਮ ਨਹੀਂ ਹੈ। ਹਾਕਮ ਜਮਾਤੀ ਪਾਰਟੀਆਂ ਖੇਤੀ ਮਾਡਲ ਦੀ ਹਮੇਸ਼ਾਂ ਗੱਲ ਕਰਦੀਆਂ ਰਹੀਆਂ ਹਨ ਪ੍ਰੰਤੂ ਹੰਢਣਸਾਰ ਹਕੀਕੀ ਖੇਤੀ ਮਾਡਲ ਤੋਂ ਹਮੇਸ਼ਾਂ ਭੱਜਦੀਆਂ ਰਹੀਆਂ ਹਨ ਪੰਜਾਬ ਸਰਕਾਰ ਇਕ ਪਾਸੇ ਪਾਣੀ ਬਚਾਉਣ ਦੀ ਗੱਲ ਕਰ ਰਹੀ ਹੈ ਪ੍ਰੰਤੂ ਦੂਸਰੇ ਪਾਸੇ ਪੰਜਾਬ ਦੀਆਂ ਨਹਿਰਾਂ ਖਾਲੀ ਹਨ ਝੋਨੇ ਅਤੇ ਕਣਕ ਤੋਂ ਬਿਨਾਂ ਕਿਸੇ ਹੋਰ ਫ਼ਸਲਾਂ ਤੇ ਐੱਮ ਐੱਸ ਪੀ ਨਹੀਂ ਦੇ ਰਹੀ ਮੂੰਗੀ ਤੇ ਐੱਮ ਐੱਸ ਪੀ ਦੀਆਂ ਗੱਲਾਂ ਸਿਰਫ਼ ਥੋਥੀਆਂ ਹੀ ਸਾਬਤ ਹੋਈਆਂ ਹਨ ਵਿਦੇਸ਼ੀ ਕੰਪਨੀਆਂ ਨੇ ਬੀਜਾਂ ਤੇ ਕਬਜ਼ਾ ਕੀਤਾ ਹੋਇਆ ਹੈ ਅਤੇ ਉਹ ਉਹੀ ਬੀਜ ਦੇ ਰਹੇ ਹਨ ਜਿਹੜੇ ਜ਼ਹਿਰਾਂ ਨਾਲ ਵੱਡੇ ਹੁੰਦੇ ਹਨ ਉਨ੍ਹਾਂ ਕਿਹਾ ਕਿ ਭਾਰਤ ਵਿੱਚ ਜ਼ਮੀਨ ਦੀ ਕਾਣੀ ਵੰਡ ਹੈ ਤੇ ਜ਼ਮੀਨ ਦੀ ਮੁੜ ਵੰਡ ਦੀ ਕਿਸੇ ਪਾਰਟੀ ਦੇ ਪ੍ਰੋਗਰਾਮ ਵਿੱਚ ਕੋਈ ਗੱਲ ਨਹੀਂ ਹੈ ਪੰਜਾਬ ਵਿੱਚ ਜਾਤੀ ਵਿਤਕਰਾ ਉਸੇ ਤਰ੍ਹਾਂ ਜਾਰੀ ਹੈ ਪੰਜਾਬ ਵਿੱਚ ਬੇਰੁਜ਼ਗਾਰੀ ਵੱਡੀ ਪੱਧਰ ਤੇ ਹੈ।

# ਖ਼ਾਲਿਸਤਾਨੀ ਨਾਅਰਿਆਂ ਨਾਲ ਭਰੀਆਂ ਕੰਧਾਂ

**ਸੰਗਰੂਰ/ਲੋਕ ਬਾਣੀ**

ਲੋਕ ਸਭਾ ਦੀ ਜ਼ਿਮਨੀ ਚੋਣ ਦੌਰਾਨ ਦਿੱਲੀ ਦੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਅੱਜ ਸੰਗਰੂਰ ਆਮਦ ਤੋਂ ਪਹਿਲਾਂ ਹੀ ਸਥਾਨਕ ਮਾਤਾ ਕਾਲੀ ਦੇਵੀ ਮੰਦਰ ਦੇ ਪਿਛਲੇ ਮੁੱਖ ਗੇਟ 'ਤੇ ਕੰਧਾਂ 'ਤੇ ਬੀਤੀ ਰਾਤ ਪੰਜਾਬ ਹਲ ਖ਼ਾਲਿਸਤਾਨ ਰਿਫਰੈਂਡਮ 2023 ਦੇ ਨਾਅਰੇ ਲਿਖੇ ਪਾਏ ਗਏ, ਜਿਸ ਤੋਂ ਉਪਰੰਤ ਪੁਲਿਸ ਪ੍ਰਸ਼ਾਸਨ ਹਰਕਤ ਵਿੱਚ ਆ ਗਿਆ। ਕਾਲੇ ਰੰਗ ਨਾਲ ਲਿਖੇ ਇਨ੍ਹਾਂ ਨਾਅਰਿਆਂ ਦੀ ਭਿਣਕ ਪੈਂਦਿਆਂ ਹੀ ਪੁਲੀਸ ਨੇ ਮੌਕੇ ਤੇ ਪਹੁੰਚ ਕੇ ਤੁਰੰਤ ਤਿੰਨਾਂ ਤੇ ਰੰਗ ਕਰਵਾ ਕੇ ਮਿਟਾ ਦਿੱਤਾ ਗਿਆ ਜ਼ਿਲ੍ਹਾ ਪੁਲਿਸ ਮੁਖੀ ਮਨਦੀਪ ਸਿੰਘ ਸਿੱਧੂ ਦਾ ਕਹਿਣਾ ਹੈ ਕਿ ਇਸ ਮਾਮਲੇ ਦੀ ਜਾਂਚ ਪੜਤਾਲ ਕੀਤੀ ਜਾ ਰਹੀ ਹੈ ਨੇੜੇ ਤੇੜੇ ਦੇ ਸੀਸੀਟੀਵੀ ਕੈਮਰੇ ਵੀ ਚੈੱਕ ਕੀਤੇ ਜਾ ਰਹੇ ਹਨ ਤਾਂ ਕਿ ਪਤਾ ਲਗਾਇਆ ਜਾ ਸਕੇ ਕਿ ਇਸ ਘਟਨਾ ਨੂੰ ਅੰਜਾਮ ਦੇਣ ਵਾਲੇ ਲੋਕ ਕੌਣ ਹਨ। ਜ਼ਿਕਰਯੋਗ ਹੈ ਕਿ ਸੰਗਰੂਰ ਵਿੱਚ ਚੋਣ ਜ਼ਾਬਤਾ ਲਾਗੂ ਹੈ ਅਤੇ 23 ਜੂਨ ਨੂੰ ਵੋਟਾਂ ਪੈਣਗੀਆਂ ਅੱਜ ਹੀ ਪੰਜਾਬ ਵਿੱਚ ਸਰਕਾਰ ਚਲਾ ਰਹੀ ਆਮ ਆਦਮੀ ਪਾਰਟੀ ਦੇ ਸੁਪਰੀਮੋ ਅਰਵਿੰਦ ਕੇਜਰੀਵਾਲ ਸੰਗਰੂਰ ਆ ਰਹੇ ਹਨ ਉਹ ਇਸ ਮੰਦਰ ਵਿੱਚ ਮੱਥਾ ਟੇਕਣ ਵੀ ਆ ਸਕਦੇ ਹਨ। ਅਜਿਹੇ 'ਚ ਅਜਿਹੀ ਹਰਕਤ ਕਾਰਨ ਕਾਨੂੰਨ ਵਿਵਸਥਾ 'ਤੇ ਵੱਡੇ ਸਵਾਲ ਖੜ੍ਹੇ ਹੋ ਰਹੇ ਹਨ ਜਿਸ ਥਾਂ 'ਤੇ ਨਾਅਰੇ ਲਿਖੇ ਗਏ ਸਨ, ਉਸ ਦੇ ਸਾਹਮਣੇ ਕੋਈ ਸੀਸੀਟੀਵੀ ਕੈਮਰਾ ਨਹੀਂ ਹੈ ਪੁਲਿਸ ਹੁਣ ਮੰਦਰ ਨੂੰ ਜਾਣ ਵਾਲੀਆਂ ਸੜਕਾਂ 'ਤੇ ਲੱਗੇ ਸੀਸੀਟੀਵੀ ਦੀ ਜਾਂਚ ਕਰਨ 'ਚ ਲੱਗੀ ਹੋਈ ਹੈ।

# ਮੋਦੀ ਸਰਕਾਰ ਨੂੰ ਵੱਡਾ ਝਟਕਾ; ਇਸ ਸੂਬੇ ਦੀ ਸਰਕਾਰ ਵੱਲੋਂ ਅਗਨੀਪਥ ਸਕੀਮ ਖਿਲਾਫ਼ ਮਤਾ ਪਾਸ



**ਜੈਪੁਰ/ਲੋਕ ਬਾਣੀ**:- ਰਾਜਸਥਾਨ ਸਰਕਾਰ ਮੁਤਾਬਿਕ ਰਾਜਸਥਾਨ ਮੰਤਰੀ ਮੰਡਲ ਨੇ ਸਰਵਸੰਮਤੀ ਨਾਲ ਇਕ ਮਤਾ ਪਾਸ ਕੀਤਾ ਹੈ ਕਿ ਵੱਡੇ ਜਨਤਕ ਹਿਤਾਂ ਅਤੇ ਨੌਜਵਾਨਾਂ ਦੀਆਂ ਭਾਵਨਾਵਾਂ ਨੂੰ ਧਿਆਨ ਵਿਚ ਰੱਖਦੇ ਹੋਏ ਅਗਨੀਪਥ ਯੋਜਨਾ ਨੂੰ ਵਾਪਸ ਲਿਆ ਜਾਣਾ ਚਾਹੀਦਾ ਹੈ।

# 19 ਸਾਲਾ ਨੌਜਵਾਨ ਦਾ ਗੋਲੀਆਂ ਮਾਰ ਕੇ ਕਤਲ

**ਅੰਮ੍ਰਿਤਸਰ/ਲੋਕ ਬਾਣੀ**:- ਇਸ ਵੇਲੇ ਦੀ ਵੱਡੀ ਖ਼ਬਰ ਅਮ੍ਰਿਤਸਰ ਤੋਂ ਸਾਹਮਣੇ ਆ ਰਹੀ ਹੈ, ਜਿਥੇ ਇੱਕ 19 ਸਾਲਾ ਨੌਜਵਾਨ ਦੇ ਸਿਰ ਵਿੱਚ ਗੋਲੀ ਮਾਰ ਕੇ ਉਹਦਾ ਕਤਲ ਕਰ ਦਿੱਤਾ ਗਿਆ ਮ੍ਰਿਤਕ ਦੀ ਪਛਾਣ ਰਿਸ਼ੀਵੰਤ ਵਜੋਂ ਹੋਈ ਹੈ ਦੱਸਿਆ ਜਾ ਰਿਹਾ ਹੈ ਕਿ, ਬਦਮਾਸ਼ਾਂ ਨੇ ਗੱਡੀ ਰੋਕ ਕੇ, ਬੀਤੀ ਰਾਤ ਰਿਸ਼ੀਵੰਤ ਨੂੰ ਗੋਲੀਆਂ ਮਾਰ ਕੇ ਮੌਤ ਦੀ ਘਾਟ ਉਤਾਰ ਦਿੱਤਾ ਗਿਆ। ਦੱਸਿਆ ਜਾ ਰਿਹਾ ਹੈ ਕਿ, ਰਿਸ਼ੀਵੰਤ ਆਪਣੇ 2 ਦੋਸਤਾਂ ਨਾਲ ਵਿਆਹ ਤੋਂ ਘਰ ਵਾਪਸ ਆ ਰਹੇ ਸਨ ਅਤੇ ਰਸਤੇ ਵਿੱਚ ਰਿਸ਼ੀਵੰਤ ਹੁਰਾਂ ਦੀ ਗੱਡੀ ਦੀ ਟੱਕਰ ਇੱਕ ਮੋਟਰਸਾਈਕਲ ਦੇ ਨਾਲ ਹੋ ਗਈ ਮੋਟਰਸਾਈਕਲ ਤੇ ਸਵਾਰ ਬਦਮਾਸ਼ਾਂ ਨੇ ਇਕ ਨਾ ਸੁਣਦਿਆਂ ਹੋਇਆ, ਸਿੱਧਾ ਫਾਈਰਿੰਗ ਕਰ ਦਿੱਤੀ, ਜਿਸ ਵਿੱਚ ਰਿਸ਼ੀਵੰਤ ਦੇ ਸਿਰ ਵਿਚ ਗੋਲੀਆਂ ਵੱਜੀਆਂ। ਗੰਭੀਰ ਰੂਪ ਵਿੱਚ ਜ਼ਖਮੀ ਰਿਸ਼ੀਵੰਤ ਨੂੰ ਦੋਸਤਾਂ ਤੇ ਪਰਿਵਾਰ ਵਾਲਿਆਂ ਨੇ ਹਸਪਤਾਲ ਦਾਖਲ ਕਰਵਾਇਆ, ਜਿਥੇ ਰਿਸ਼ੀਵੰਤ ਦਮ ਤੋੜ ਗਿਆ ਉਧਰ ਰਿਸ਼ੀਵੰਤ ਦੇ ਮਾਪਿਆਂ ਨੇ ਇਨਸਾਫ਼ ਦੀ ਮੰਗ ਕਰਦਿਆਂ ਹੋਇਆ ਭਗਵੰਤ ਮਾਨ ਸਰਕਾਰ ਤੇ ਵੀ ਦੋਸ਼ ਲਗਾਏ ਹਨ ਕਿ, ਸਰਕਾਰ ਹੀ ਇਨ੍ਹਾਂ ਗੈਂਗਵਾਰਾਂ ਦੀ ਜਿੰਮੇਵਾਰ ਹੈ, ਜੋ ਦੂਜਿਆਂ ਦੇ ਪੁੱਤ ਮਰਦੇ ਵੇਖ ਕੇ ਚੁੱਕੀ ਤਾਣੀ ਬੈਠੀ ਹੈ।

# ਟੈਲੀਵਿਜ਼ਨ ਫਿਲਮ ਦੇ ਕਲਾਕਾਰ ਜਲੰਧਰ ਪੁੱਜੇ



**ਫਿਲਵਾਂ/ਕਪੂਰਥਲਾ/ਜੀ ਐਸ**

ਟੈਲੀਵਿਜ਼ਨ ਫਿਲਮ ਦੇ ਕਲਾਕਾਰ ਪਹੁੰਚੇ ਜਲੰਧਰ,ਸਾਗਾ ਸਟੂਡੀਉ , ਇੱਕ ਵਾਰ ਫਿਰ ਤੋਂ ਕੁਝ ਅਲੱਗ ਕਰਨ ਦੀ ਕੋਸ਼ਿਸ ਨਾਲ ਸਧਾਰਨ ਫਿਲਮਾਂ ਤੋਂ ਉੱਪਰ ਉੱਠ ਕੇ ਕੁਝ ਅਲੱਗ ਕਰਨ ਦਾ ਯਤਨ ਕਰ ਰਿਹਾ ਹੈ। ਕਾਮੇਡੀ ਫਿਲਮ ਟੈਲੀਵਿਜਨ ਦੇ ਦੁਆਰਾ ਸਾਗਾ ਸਟੁਡੀਉ 24 ਜੂਨ ਨੂੰ ਇੱਕ ਵਾਰ ਦਰਸ਼ਕਾਂ ਦਾ ਦਿੱਲ ਜਿੱਤਣ ਲਈ ਫਿਰ ਬੇਤਾਬ ਹੈ। 70 ਦੇ ਦਸ਼ਕ ਵਿੱਚ ਲੋਕ ਛੁੱਟੀ ਮਨਾਉਣ ਲਈ ਕਿਤਾਬਾਂ ਪੜਦੇ ਸੀ ,ਪੁਰਾਣੀਆਂ ਤਸਵੀਰਾ ਦੇਖਦੇ ਸੀ , ਉਸ ਵੇਲੇ ਅਸੀਂ ਮੋੜਦੇ ਸੀ, ਕਿ ਇੱਕ ਬਕਸੇ ਦੇ ਵਿੱਚ ਬੈਠ ਕੇ ਤਸਵੀਰਾਂ ਬੋਲਣਗੀਆਂ, ਇਸ ਵਾਰ ਫਿਰ ਇਸ ਫਿਲਮ ਨਾਲ ਲੋਕਾਂ ਨੂੰ ਉਹ ਸਮਾਂ ਯਾਦ ਕਰਾਉਣ ਦਾ ਫੈਸਲਾ ਕੀਤਾ। ਫਿਲਮ ਟੈਲੀਵਿਜ਼ਨ ਦਾ ਟ੍ਰੇਲਰ 14 ਜੂਨ ਨੂੰ ਜਿਲੀਜ਼ ਕੀਤਾ ਗਿਆ ਸੀ,ਇੱਥੇ ਇਹ ਕਹਿਣਾ ਗਲਤ ਨਹੀਂ ਹੋਵੇਗਾ, ਇਹ ਫਿਲਮ ਤਹਾਨੂੰ ਇੱਕ ਯੁੱਗ ਦੇ ਮਜੇਦਾਰ ਸੁਆਦ ਲਈ ਲੈ ਜਾਂਦੀ ਹੈ। ਇਸ ਫਿਲਮ ਵਿੱਚ ਕੁਲਵਿੰਦਰ ਬਿਲਾ, ਮੈਂਡੀ ਤੱਖਰ, ਗੁਰਪ੍ਰੀਤ ਘੁੱਗੀ, ਹਾਰਬੀ ਸੰਘਾ,ਬਨਿੰਦਰ ਬਨੀ, ਰਾਜ ਧਾਲੀਵਾਲ ਆਦਿ ਨੇ ਕੰਮ ਕੀਤਾ ਹੈ। ਇਸ ਫਿਲਮ ਦਾ ਸੰਗੀਤ ਸਾਗਾ ਸਟੂਡੀਉ ਦੇ ਬੈਨਰ ਹੇਠ ਰਿਲੀਜ਼ ਕੀਤਾ ਜਾਵੇਗਾ।



ਆਓ ਆਪਣਾ ਫ਼ਰਜ਼ ਨਿਭਾਈਏ , ਸਾਰੇ ਰਲ ਮਿਲ ਪੌਦੇ ਲਾਈਏ ਧਰਤੀ ਮਾਂ ਪਈ ਕੁਰਲਾਵੇ , ਤਪਸ਼ ਦਿਨੋ ਦਿਨ ਵਧਦੀ ਜਾਵੇ , ਸੀਨੇ ਇਹਦੇ ਠੰਢ ਵਰਤਾਈਏ , ਸਾਰੇ ਰਲ ਮਿਲ ਪੌਦੇ ਲਾਈਏ ਸਕੂਲ, ਗੁਰੂਘਰ ਜਾਂ ਸ਼ਾਮਲਾਟ, ਸੜਕ ਕਿਨਾਰੇ ਤੇ ਸ਼ਮਸ਼ਾਨਘਾਟ , ਚਹੁੰ ਪਾਸੇ ਹਰਿਆਲੀ ਵਧਾਈਏ , ਰਲ ਮਿਲ ਸਾਰੇ ਪੌਦੇ ਲਾਈਏ ਕੁਝ ਫਲਾਂ ਤੇ ਫੁੱਲਾਂ ਵਾਲੇ , ਕੁਝ ਸਜਾਵਟੀ ਤੇ ਛਾਂ ਵਾਲੇ , ਵਿਰਾਸਤੀ ਨਿੰਮ ਟਾਹਲੀ ਬੋਹੜ ਉਗਾਈਏ, ਸਾਰੇ ਰਲਮਿਲ ਪੌਦੇ ਲਾਈਏ ਵਰਖਾ ਲਈ ਇਹ ਹੋਣ ਸੁਹਾਈ, ਮਿਲਦੀ ਹੈ ਕਈਆਂ ਤੋਂ ਦਵਾਈ , ਜੀਵਨ ਆਪਣਾ ਨਿਰੋਗ ਬਣਾਈਏ , ਸਾਰੇ ਰਲ ਮਿਲ ਪੌਦੇ ਲਾਈਏ ਐਵੇਂ ਨਾ ਤੂੰ ਰੁੱਖ ਕੱਟ , ਸਾਹਾਂ ਦੀ ਡੋਰ ਇਨ੍ਹਾਂ ਹੱਥ , @ਖੇੜੀ, ਲੋਕਾਂ ਇਹ ਨੂੰ ਸਮਝਾਈਏ , ਸਾਰੇ ਰਲ ਮਿਲ ਪੌਦੇ ਲਾਈਏ।

**ਲੇਖਕ - ਮਾਸਟਰ ਕੁਲਵਿੰਦਰ ਸਿੰਘ ਖੇੜੀ**
**ਡਾਕਖਾਨਾ -ਖੇੜੀ ਕਲਾਂ,ਚਹਿਲਾਂ ( ਸੰਗਰੂਰ )**
98551-14078

# ਅਜ਼ਾਦੀ ਦਾ ਅੰਮ੍ਰਿਤ ਮਹਾਂਉਤਸਵ ਦੇ ਤਹਿਤ ਮਨਾਇਆ ਅੰਤਰਰਾਸ਼ਟਰੀ ਯੋਗ ਦਿਵਸ





**ਫ਼ਿਰੋਜ਼ਪੁਰ/ਲੋਕ ਬਾਣੀ**

ਮਯੰਕ ਫਾਉਂਡੇਸ਼ਨ ਵੱਲੋਂ ਜ਼ਿਲ੍ਹਾ ਯੋਗਾ ਐਸੋਸੀਏਸ਼ਨ, ਦੇਵ ਸਮਾਜ ਐਜੂਕੇਸ਼ਨ ਕਾਲਜ ਅਤੇ ਭਾਰਤ ਸਕਾਊਟਸ ਐਂਡ ਗਾਈਡਜ਼, ਫਿਰੋਜ਼ਪੁਰ ਦੇ ਸਹਿਯੋਗ ਨਾਲ ਅੰਤਰਰਾਸ਼ਟਰੀ ਯੋਗ ਦਿਵਸ ਮਨਾਇਆ ਗਿਆ ਪਿ੍ਰੰਸੀਪਲ ਡਾ: ਰਾਜਵਿੰਦਰ ਕੌਰ ਨੇ ਦੱਸਿਆ ਕਿ ਇਸ ਵਾਰ ਯੋਗਾ ਦਿਵਸ @ਮਨੁੱਖਤਾ ਲਈ ਯੋਗ@ ਥੀਮ ਤਹਿਤ ਮਨਾਇਆ ਜਾ ਰਿਹਾ ਹੈ ।

ਪ੍ਰੋਜੈਕਟ ਕੋਆਰਡੀਨੇਟਰ ਚਰਨਜੀਤ ਸਿੰਘ ਅਤੇ ਅਕਸ਼ੈ ਕੁਮਾਰ ਨੇ ਦੱਸਿਆ ਕਿ ਇਸ ਦਿਵਸ ਨੂੰ ਮਨਾਉਣ ਦਾ ਮਕਸਦ ਲੋਕਾਂ ਨੂੰ ਯੋਗ ਦੇ ਲਾਭਾਂ ਤੋਂ ਜਾਣੂ ਕਰਵਾਉਣਾ ਅਤੇ ਇਸ ਨੂੰ ਰੋਜ਼ਾਨਾ ਜੀਵਨ ਵਿੱਚ ਸ਼ਾਮਲ ਕਰਨ ਲਈ ਪ੍ਰੇਰਿਤ ਕਰਨਾ ਹੈ ਜ਼ਿਲ੍ਹਾ ਯੋਗਾ ਐਸੋਸੀਏਸ਼ਨ ਤੋਂ ਡਾ: ਗੁਰਨਾਮ ਸਿੰਘ, ਡਾ: ਅਮਰਿੰਦਰ ਸਿੰਘ, ਰਾਕੇਸ਼ ਸ਼ਰਮਾ, ਸ਼ਕਤੀ ਚੋਪੜਾ, ਕੁਲਵੰਤ ਸਿੰਘ ਨੇ 100 ਦੇ ਕਰੀਬ ਲੋਕਾਂ ਨੂੰ ਵੱਖ-ਵੱਖ ਯੋਗ ਕਰਵਾਏ । ਡਾ: ਗੁਰਨਾਮ ਸਿੰਘ ਨੇ ਆਪਣੇ ਸੰਬੋਧਨ @ਚ ਕਿਹਾ ਕਿ ਆਓ ਅਸੀਂ ਸਾਰੇ ਰਲ ਕੇ ਇਸ ਨੂੰ ਸਫਲ ਕਰੀਏ ਅਤੇ ਯੋਗਾ ਦੀ ਪ੍ਰਸਿੱਧੀ ਨੂੰ ਹੋਰ ਵਧਾ ਸਕੀਏ । ਇਸ ਮੌਕੇ ਭਾਰਤ ਸਕਾਊਟਸ ਐਂਡ ਗਾਈਡਜ਼ ਦੇ ਜ਼ਿਲ੍ਹਾ ਸਕੱਤਰ ਡਿਪਟੀ ਡੀ.ਈ.ਓ ਸੁਖਵਿੰਦਰ ਸਿੰਘ, ਕਾਲਜ ਤੋਂ ਪ੍ਰੋ: ਰਜਨੀ ਬੱਬਰ, ਪ੍ਰੋ: ਅਮਨ ਸੰਧੂ, ਪ੍ਰੋ: ਅਜੈ ਦੀਪ, ਪਿਰਾਮਲ ਫਾਊਂਡੇਸ਼ਨ ਤੋਂ ਮਨੀਸ਼ ਬਿਸ਼ਨੋਈ।

# ਪਲੇਸਮੈਂਟ ਕੈਂਪ ਵਿਚ 10 ਪ੍ਰਾਰਥੀਆਂ ਦੀ ਡਿਲਵਰੀ ਬੁਆਏ ਵਲੋਂ ਨਿਯੁਕਤੀ



## ਰੁਜ਼ਗਾਰ ਜਾਂ ਸਵੈ-ਰੋਜ਼ਗਾਰ ਹਾਸਿਲ ਕਰਨ ਲਈ ਪ੍ਰਾਰਥੀ ਜਿਲ੍ਹਾ ਰੁਜ਼ਗਾਰ ਤੇ ਕਾਰੋਬਾਰ ਬਿਊਰੋ ਦਫਤਰ ਗੁਰਦਾਸਪੁਰ ਵਿਖੇ ਪਹੁੰਚ ਕਰਨ

**ਗੁਰਦਾਸਪੁਰ-ਨਵਨੀਤ ਕੁਮਾਰ**

ਪੰਜਾਬ ਸਰਕਾਰ ਦੇ ਮਿਸ਼ਨ ਘਰ ਘਰ ਰੋਜਗਾਰ ਤਹਿਤ ਡਾ.ਅਮਨਦੀਪ ਕੌਰ ਵਧੀਕ ਡਿਪਟੀ ਕਮਿਸ਼ਨਰ (ਜ) ਗੁਰਦਾਸਪੁਰ ਦੀ ਅਗਵਾਈ ਹੇਠ ਜਿਲ੍ਹਾ ਰੋਜਗਾਰ ਅਤੇ ਕਾਰੋਬਾਰ ਬਿਊਰੋ, ਗੁਰਦਾਸਪੁਰ ਬਲਾਕ-ਬੀ, ਕਮਰਾ ਨੰ:217 ਜਿਲ੍ਹਾ ਪ੍ਰਬੰਧਕੀ ਕੰਪਲੈਕਸ ਗੁਰਦਾਸਪੁਰ ਵਿਖੇ ਇੱਕ ਪਲੇਸਮੈਂਟ ਕੈਂਪ/ਰੋਜਗਾਰ ਮੇਲਾ ਲਗਾਇਆ ਗਿਆ ਜਿਸ ਵਿੱਚ Largelogic ( ਲਾਰਜਲੋਜਿਕ) ਕੰਪਨੀ ਦੇ ਸੁਪਰਵਾਈਜਰ ਹਰਪ੍ਰੀਤ ਸਿੰਘ ਵਲੋਂ ਸ਼ਮੂਲੀਅਤ ਕੀਤੀ ਗਈ ਰੋਜਗਾਰ ਕੈਂਪ ਵਿੱਚ ਡਿਲੀਵਰੀ ਬੁਆਏ (Delivery boy ) ਦੀ ਅਸਾਮੀ ਲਈ 29 ਲੜਕਿਆ ਨੇ ਭਾਗ ਲਿਆ ਕੰਪਨੀ ਦੇ ਸੁਪਰਵਾਈਜਰ ਹਰਪ੍ਰੀਤ ਸਿੰਘ ਵਲੋਂ ਡਿਲੀਵਰੀ ਬੁਆਏ (Delivery boy ) ਦੀਆ 20 ਅਸਾਮੀਆ ਲਈ ਰੋਜਗਾਰ ਕੈਂਪ ਵਿੱਚ ਆਏ ਪ੍ਰਾਰਥੀਆ ਦੀ ਇੰਟਰਵਿਊ ਕੀਤੀ ਗਈ ਇੰਟਰਵਿਊ ਕਰਨ ਉਪਰੰਤ 10 ਪ੍ਰਾਰਥੀਆ ਦੀ ਚੋਣ ਕੀਤੀ ਗਈ॥ ਇਸ ਮੌਕੇ ਜਾਣਕਾਰੀ ਦਿੰਦਿਆਂ ਰੋਜਗਾਰ ਅਫਸਰ ਪਰਸ਼ੋਤਮ ਸਿੰਘ ਨੇ ਦੱਸਿਆ ਕਿ ਕੰਪਨੀ ਵਲੋਂ ਚੁਣੇ ਗਏ ਪ੍ਰਾਰਥੀਆ ਨੂੰ 12000 ਤੋਂ 15000/- ਰੁਪਏ ਪ੍ਰਤੀ ਮਹੀਨਾ ਤਨਖਾਹ ਦਿੱਤੀ ਜਾਵੇਗੀ ਉਹਨਾਂ ਨੇ ਦੱਸਿਆ ਕਿ ਵੱਧ ਤੋਂ ਵੱਧ ਬੇਰੁਜਗਾਰ ਪ੍ਰਾਰਥੀਆ ਨੂੰ ਰੋਜਗਾਰ ਮੁਹੱਈਆ ਕਰਵਾਉਣ ਦੇ ਉਦੇਸ਼ ਨੂੰ ਮੁੱਖ ਰੱਖਦਿਆ ਹੋਇਆ ਜਿਲ੍ਹਾ ਰੋਜਗਾਰ ਤੇ ਕਾਰੋਬਾਰ ਬਿਊਰੋ ਵਲੋਂ ਹਰ ਹਫਤੇ ਪਲੇਸਮੈਂਟ ਕੈਂਪ/ ਰੋਜਗਾਰ ਮੇਲੇ ਜਿਲ੍ਹਾ ਰੋਜਗਾਰ ਅਤੇ ਕਾਰੋਬਾਰ ਬਿਊਰੋ, ਗੁਰਦਾਸਪੁਰ ਵਿਖੇ ਲਗਾਏ ਜਾ ਰਹੇ ਹਨ ਅਤੇ ਅਗਾਂਹ ਵੀ ਇਸੇ ਤਰ੍ਹਾ ਇਹ ਰੋਜਗਾਰ ਕੈਂਪ ਲਗਾਏ ਜਾਂਦੇ ਰਹਿਣਗੇ।

# ਬਰਨਾਲਾ ਦੇ ਸੀ.ਆਈ.ਏ ਸਟਾਫ ਵਲੋਂ 1.40 ਲੱਖ ਨਸ਼ੀਲੇ ਕੈਪਸੂਲ ਅਤੇ 3200 ਨਸ਼ੀਲੀਆਂ ਗੋਲੀਆਂ ਅਤੇ 1.3 ਲੱਖ ਡਰੱਗ ਮਨੀ ਸਮੇਤ ਨਸ਼ਾ ਤਸਕਰਾਂ ਨੂੰ ਕਾਬੂ ਕੀਤਾ




**ਬਰਨਾਲਾ/ਲੋਕ ਬਾਣੀ**

ਬਰਨਾਲਾ ਦੇ ਸੀ.ਆਈ.ਏ ਸਟਾਫ ਵਲੋਂ ਨਸ਼ੀਲੀਆਂ ਗੋਲੀਆਂ ਦਾ ਧੰਦਾ ਕਰਨ ਵਾਲੇ 2 ਵਿਅਕਤੀਆਂ ਨੂੰ ਕੀਤੇ ਕਾਬੂ ਕੀਤੇ ਜਾਣ ਦਾ ਸਮਾਚਾਰ ਮਿਲਿਆ ਹੈ ! ਪੁਲਿਸ ਜਿਲਾ ਬਰਨਾਲਾ ਦੇ ਐੱਸ ਐੱਸ ਪੀ ਸ਼੍ਰੀ ਸੰਦੀਪ ਮਲਿਕ,ਐਸ.ਪੀ.ਡੀ ਸ਼੍ਰੀ ਅਨਿਲ ਕੁਮਾਰ ਸ਼ਰਮਾ ਨੇ ਪ੍ਰੈਸ ਕਾਨਫਰੰਸ ਕਰਦਿਆਂ ਦੱਸਿਆ ਕਿ ਦੋਸ਼ੀਆਂ ਕੋਲੋਂ 1ਲੱਖ 40 ਹਜਾਰ ਨਸ਼ੀਲੇ ਕੈਪਸੂਲ ਅਤੇ 3200 ਟ੍ਰਮਾਂਡੋਲ ਨਸ਼ੀਲੀਆਂ ਗੋਲੀਆਂ ਅਤੇ ਇੱਕ ਲੱਖ 3 ਹਜ਼ਾਰ ਡਰੱਗ ਮਨੀ ਕਰੇਟਾਂ ਗੱਡੀ ਜਿਹੜੀ ਨਵਦੀਪ ਗੋਇਲ ਦੇ ਨਾਮ ਤੇ ਹੈ ਸਮੇਤ ਸਮੇਤ ਨਸ਼ਾ ਤਸਕਤਾਂ ਨਾਲ ਕਾਬੂ ਕੀਤਾ ਗਿਆ ! ਸੰਦੀਪ ਮਲਿਕ ਨੇ ਕਿਹਾ ਕਿ ਪੰਜਾਬ ਦੇ ਡੀ.ਜੀ ਪੀ ਅਤੇ ਪਟਿਆਲਾ ਰੇਂਜ ਦਿਨ ਸਖਤ ਹਿਦਾਇਤਾਂ ਤਹਿਤ ਡਿਟੈਕਟਿਵ ਵਿੰਗ ਵਲੋਂ ਅਨਿਲ ਕੁਮਾਰ ਸ਼ਰਮਾ ਡੀ ਰਹਿਨੁਮਾਈ ਹੇਠ ਸੀ ਆਈ ਏ ਵਲੋਂ ਵੱਡੀ ਉਪਲਵਧੀ ਹਾਸਿਲ ਕੀਤੀ ਹੈ ਜਿਨ੍ਹਾਂ ਦੀ ਮੁਸਤੈਦੀ ਤਹਿਤ 2 ਤਸਕਰ ਨਵਦੀਪ ਗੋਇਲ ਅਤੇ ਬਿੰਦਰ ਸਿੰਘ ਦੋਵੇਂ ਬਰਨਾਲਾ ਬੱਸ ਸਟੈਂਡ ਕੋਲ ਫਾਰਮਾਸਿਸਟ ਕੈਮਿਸਟ ਦੀ ਦੁਕਾਨ ਕਰਦੇ ਹਨ ! ਜੇਹੜੀਂ ਨਸ਼ੀਲੀਆਂ ਦਵਾਈਆਂ ਵੈਨ ਹਨ ਗਲਤ ਤਰੀਕੇ ਨਾਲ ਸੇਲ ਕਰਦੇ ਸਨ ! ਬਿੰਦਰ ਸਿੰਘ ਤੇ ਪਹਿਲਾਂ ਵੀ 2010 ਤੇ 2018 ਚ 2 ਪਰਚੇ ਬਰਨਾਲਾ ਚ ਦਰਜ ਹਨ ! ਜੂਨ੍ਹਣਾ ਨੂੰ ਪੇਸ਼ ਕਰਕੇ 2 ਦਿਨਾਂ ਦਾ ਪੁਲਿਸ ਰਿਮਾਂਡ ਲਿਆ ਗਿਆ ਹੈ ! ਐੱਸ ਪੀ ਡੀ ਅਨਿਲ ਸ਼ਰਮਾ ਨੇ ਕਿਹਾ ਕਿ ਬਰਨਾਲਾ ਅਤੇ ਆਸ ਪਾਸ ਦੇ ਇਲਾਕੇ ਵਿਚ ਨਸ਼ਾ ਤਸਕਰਾਂ ਨੂੰ ਕਿਸੇ ਕੀਮਤ ਤੇ ਨਹੀਂ ਬਖਸ਼ਿਆ ਜਾਵੇਗਾ।



# ਖਾਟੂ ਸ਼ਾਮ ਜੀ ਦਾ ਪਹਿਲਾ ਵਿਸ਼ਾਲ ਜਾਗਰਣ ਕਸਬਾ ਸ਼ੇਰਪੁਰ ਵਿਖੇ ਕਰਵਾਇਆ ਜਾ ਰਿਹਾ, ਸੰਗਤਾਂ ਨੂੰ ਪਹੁੰਚਣ ਦੀ ਅਪੀਲ

**ਸ਼ੇਰਪੁਰ/ਯਾਦਵਿੰਦਰ ਸਿੰਘ ਮਾਹੀ**

ਜੈ ਸ੍ਰੀ ਸ਼ਾਮ ਮੰਡਲ ਸ਼ੇਰਪੁਰ ਵੱਲੋਂ ਖਾਟੂ ਸ਼ਾਮ ਜੀ ਦੀ ਅਪਾਰ ਕ੍ਰਿਪਾ ਸਦਕਾ 22 ਜੂਨ ਦਿਨ ਬੁੱਧਵਾਰ ਅਨਾਜ ਮੰਡੀ ਸ਼ੇਰਪੁਰ ਵਿਖੇ ਬੜੀ ਹੀ ਸ਼ਰਧਾ ਨਾਲ ਵਿਸ਼ਾਲ ਜਾਗਰਣ ਕਰਵਾਇਆ ਜਾ ਰਿਹਾ ਹੈ ਚੋਣਵੇਂ ਪੱਤਰਕਾਰਾਂ ਨੂੰ ਜਾਣਕਾਰੀ ਦਿੰਦਿਆਂ ਸ੍ਰੀ ਸ਼ਾਮ ਜੀ ਸਮੂਹ ਮੰਡਲ ਸ਼ੇਰਪੁਰ ਦੱਸਿਆ ਕਿ ਜੈ ਸ੍ਰੀ ਸ਼ਾਮ ਮੰਡਲ ਸ਼ੇਰਪੁਰ ਦੇ ਮੈਂਬਰ ਰਾਮ ਲਾਲ ਗੋਇਲ, ਗਗਨਦੀਪ ਸਿੰਗਲਾ ਬੱਗੀ ਵਾਈਸ ਪ੍ਰਧਾਨ, ਕੈਮੀ ਗਰਗ ਧਾਵਾ, ਰਾਹੁਲ ਗਰਗ ਬੱਬੂ, ਅਭਿਨੰਦਨ ਗਰਗ ਕਾਕੂ, ਰੋਹਿਤ ਗੋਇਲ ਵੱਲੋਂ ਖਾਟੂ ਸ਼ਾਮ ਜੀ ਦੀ ਅਪਾਰ ਕਿਰਪਾ ਸਦਕਾ ਜਾਗਰਣ ਦੀ ਜੋਤ ਖਾਟੂ ਸ਼ਾਮ (ਰਾਜਸਥਾਨ) ਤੋਂ ਲੈ ਕੇ ਸ਼ੇਰਪੁਰ ਵੱਲ ਨੂੰ ਰਵਾਨਾ ਹੋ ਚੁੱਕੇ ਹਨ ਅਤੇ ਖਾਟੂ ਸ਼ਾਮ ਮੰਦਰ ਤੋਂ ਜੋਤ ਲਿਆਉਣ ਦੀ ਗੱਡੀ ਦੀ ਸੇਵਾ ਠੇਕੇਦਾਰ ਧਰਮਿੰਦਰ ਸਿੰਗਲਾ ਦੇ ਪਰਿਵਾਰ ਵੱਲੋਂ ਕੀਤੀ ਜਾ ਗਈ ਹੈ ਉਨ੍ਹਾਂ ਦੱਸਿਆ ਕਿ ਵਿਸ਼ਾਲ ਜਾਗਰਨ ਦੀਆਂ ਤਿਆਰੀਆਂ ਪੂਰੀ ਤਰ੍ਹਾਂ ਮੁਕੰਮਲ ਹੋ ਚੁੱਕੀਆਂ ਹਨ ਉਨ੍ਹਾਂ ਦੱਸਿਆ ਕਿ ਇਸ ਵਾਰ ਅਗਰਵਾਲ ਭਾਈਚਾਰੇ ਚ@ ਇਸ ਬੁਛਾਰ ਜ਼ਾਰ ਨੂੰ ਲੈ ਕੇ ਬਹੁਤ ਉਤਸ਼ਾਹ ਪਾਇਆ ਜਾ ਰਿਹਾ ਹੈ ਅਤੇ ਜਾਗਰਣ ਨੂੰ ਲੈ ਕੇ ਖਾਸ ਕਰਕੇ ਨੌਜਵਾਨਾਂ ਵਿਚ ਭਾਰੀ ਉਤਸ਼ਾਹ ਪਾਇਆ ਜਾ ਰਿਹਾ ਹੈ ਜੋ ਆਪਣੀ ਜ਼ਿੰਮੇਵਾਰੀ ਪ੍ਰਤੀ ਪੂਰੇ ਵਫ਼ਾਦਾਰ ਹਨ ਜੈ ਸ੍ਰੀ ਸ਼ਾਮ ਮੰਡਲ ਸ਼ੇਰਪੁਰ ਵੱਲੋਂ ਕਿਹਾ ਕਿ ਕਨੱਈਆ ਮਿੱਤਲ ਚੰਡੀਗੜ੍ਹ ਵਾਲਿਆਂ ਨੂੰ ਪਿਆਰ ਕਰਨ ਵਾਲੇ ਅਤੇ ਸ੍ਰੀ ਖਾਟੂ ਸ਼ਾਮ ਜੀ ਦੀ ਮਹਿਮਾ ਦਾ ਗੁਣਗਾਨ ਸੁਣਨ ਵਾਲੇ ਜ਼ਰੂਰ ਆਉਣ।



# ਪਿੰਡ ਮੁਗਰਾਲਾ ’ਚ ਮਨਾਈ ਗਈ ਕਬੀਰ ਜਯੰਤੀ



**ਦੀਨਾਨਗਰ/ਡਾ.ਰਮੇਸ਼ ਸਰੰਗਲ, ਵਰੁਣ ਸਰੰਗਲ**

ਸਤਿਗੁਰੂ ਕਬੀਰ ਸੇਵਕ ਸਭਾ ਮਗਰਾਲਾ ਵੱਲੋਂ ਸਤਿਗੁਰੂ ਕਬੀਰ ਜੀ ਦਾ 624ਵਾਂ ਪ੍ਰਕਾਸ਼ ਉਤਸਵ ਧੂਮ ਧਾਮ ਨਾਲ ਮਨਾਇਆ ਗਿਆ ਇਸ ਮੌਕੇ ਮੁੱਖ ਮਹਿਮਾਨ ਵਜੋਂ ਵਿਧਾਇਕਾ ਅਰੁਨਾ ਚੌਧਰੀ ਸ਼ਾਮਲ ਹੋਏ ਜਦਕਿ ਵਿਸ਼ੇਸ਼ ਮਹਿਮਾਨਾਂ ਵਜੋਂ ਮਹੰਤ ਜਗਦੀਸ਼ ਦਾਸ ਜਲੰਧਰ ਅਤੇ ਬਸਪਾ ਦੇ ਜ਼ਿਲ੍ਹਾ ਪ੍ਰਧਾਨ ਜੇਪੀ ਭਗਤ ਨੇ ਸ਼ਿਰਕਤ ਕੀਤੀ ਪ੍ਰੋਗਰਾਮ ਦੇ ਆਰੰਭ ’ਚ ਸੰਗਤਾਂ ਵੱਲੋਂ ਕਬੀਰ ਸਾਹਿਬ ਦੀ ਬਾਣੀ ਵਿੱਚੋਂ ਸ਼ਬਦ ਗਾਏ ਗਏ ਜਦਕਿ ਜਲੰਧਰ ਤੋਂ ਆਏ ਅਨਹਦ ਬਾਣੀ ਕੀਰਤਨ ਜਥੇ ਦੁਆਰਾ ਕੀਰਤਨ ਕਰਕੇ ਸੰਗਤਾਂ ਨੂੰ ਨਿਹਾਲ ਕੀਤਾ ਗਿਆ ਵਿਧਾਇਕਾ ਅਰੁਨਾ ਚੌਧਰੀ ਨੇ ਕਿਹਾ ਕਿ ਸਤਿਗੁਰੂ ਕਬੀਰ ਜੀ ਦੀ ਬਾਣੀ ਸਾਨੂੰ ਹੱਕ ਤੇ ਸੱਚ ਦੇ ਮਾਰਗ ’ਤੇ ਚੱਲਣ ਦਾ ਸੰਦੇਸ਼ ਦਿੰਦੀ ਹੈ ਉਨ੍ਹਾਂ ਕਿਹਾ ਕਿ ਗੁਰੂ ਸਾਰਿਆਂ ਦੇ ਸਾਂਝੇ ਹੁੰਦੇ ਹਨ ਅਤੇ ਸਾਨੂੰ ਸਾਰਿਆਂ ਨੂੰ ਅਜਿਹੇ ਸੰਤਾਂ ਤੇ ਗੁਰੂਆਂ ਦੇ ਦਿਨ ਮਿਲ ਜੁਲ ਕੇ ਮਨਾਉਣੇ ਚਾਹੀਦੇ ਹਨ ਅਤੇ ਆਪਸੀ ਵੈਰ ਵਿਰੋਧ ਦੀ ਭਾਵਨਾ ਨੂੰ ਖ਼ਤਮ ਕਰਨਾ ਚਾਹੀਦਾ ਹੈ ਮਹੰਤ ਜਗਦੀਸ਼ ਦਾਸ ਅਤੇ ਜੇਪੀ ਭਗਤ ਨੇ ਸਤਿਗੁਰੂ ਕਬੀਰ ਜੀ ਦੀਆਂ ਸਿੱਖਿਆਵਾਂ ਨੂੰ ਆਪਣੇ ਅੰਦਰ ਧਾਰਨ ਲਈ ਸਮੂਹ ਸੰਗਤਾਂ ਨੂੰ ਪ੍ਰੇਰਿਤ ਕੀਤਾ ਇਸ ਦੌਰਾਨ ਗੁਰੂ ਸਾਹਿਬ ਦੀ ਪਾਲਕੀ ਸਜਾ ਕੇ ਸ਼ਹਿਰ ਅੰਦਰ ਨਗਰ ਕੀਰਤਨ ਸਜਾਇਆ ਗਿਆ ਜਿਸਨੂੰ ਰਵਾਨਾ ਕਰਨ ਦੀ ਰਸਮ ਵਿਧਾਇਕਾ ਅਰੁਨਾ ਚੌਧਰੀ ਦੁਆਰਾ ਨਿਭਾਈ ਗਈ ਨਗਰ ਕੀਰਤਨ ਦੌਰਾਨ ਸਾਰਾ ਸ਼ਹਿਰ ਧੰਨ ਧੰਨ ਸਤਿਗੁਰੂ ਕਬੀਰ ਸਾਹਿਬ ਦੇ ਜੈਕਾਰਿਆਂ ਨਾਲ ਗੂੰਝ ਉਠਿਆ ਇਸ ਮੌਕੇ ਸਭਾ ਪ੍ਰਧਾਨ ਓਮ ਪ੍ਰਕਾਸ਼ ਭਗਤ, ਰਾਜਿੰਦਰ ਕੁਮਾਰ, ਮਧੂ ਬਾਲਾ, ਨੰਬਰਦਾਰ ਰਮੇਸ਼ ਚੰਦਰ ਭਗਤ ਅਤੇ ਸਰਪੰਚ ਦਲਬੀਰ ਸਿੰਘ ਬਿੱਟੂ ਸਮੇਤ ਵੱਡੀ ਗਿਣਤੀ ’ਚ ਇਲਾਕੇ ਦੇ ਮੋਹਤਬਰ ਅਤੇ ਸੰਗਤਾਂ ਹਾਜ਼ਰ ਸਨ।

## ਸਾਨੂੰ ਸਾਰੇ ਗੁਰੂਆਂ ਦੇ ਪ੍ਰਕਾਸ਼ ਉਤਸਵ ਮਿਲ ਜੁਲ ਕੇ ਮਨਾਉਣੇ ਚਾਹੀਦੇ ਹਨ : ਅਰੁਨਾ ਚੌਧਰੀ

# ਚੋਣਾਂ ਨੂੰ ਲੈ ਕੇ ਸਰਪੰਚ ਰਣਜੀਤ ਸਿੰਘ ਧਾਲੀਵਾਲ ਦੇ ਗ੍ਰਿਹ ਵਿਖੇ ਸੁਖਪਾਲ ਸਿੰਘ ਖਹਿਰਾ ਵੱਲੋਂ ਅਹਿਮ ਮੀਟਿੰਗ ਹੋਈ



**ਸ਼ੇਰਪੁਰ/ਯਾਦਵਿੰਦਰ ਸਿੰਘ ਮਾਹੀ ਸ਼ੇਰਗਿੱਲ**

ਮੁੱਖ ਮੰਤਰੀ ਪੰਜਾਬ ਭਗਵੰਤ ਮਾਨ ਵੱਲੋਂ ਸੰਗਰੂਰ ਐੱਮ ਪੀ ਸੀਟ ਤੋਂ ਅਸਤੀਫਾ ਦੇਣ ਪਿੱਛੋਂ ਚੋਣਾਂ ਦਾ ਬਿਗਲ ਵੱਜਿਆ ਜਿਸ ਦੇ ਚਲਦਿਆਂ 23 ਜੂਨ ਨੂੰ ਵੋਟਾਂ ਹੋਣ ਜਾ ਰਹੀਆਂ ਹਨ ਜਿਸ ਨੂੰ ਲੈ ਕੇ ਸਰਪੰਚ ਰਣਜੀਤ ਸਿੰਘ ਧਾਲੀਵਾਲ ਦੇ ਗ੍ਰਿਹ ਕਸਬਾ ਸ਼ੇਰਪੁਰ ਵਿਖੇ ਸੁਖਪਾਲ ਸਿੰਘ ਖਹਿਰਾ ਐੱਮ ਐੱਲ ਏ ਭੁਲੱਥ ਵਰਕਰਾਂ ਨਾਲ ਇਕ ਅਹਿਮ ਮੀਟਿੰਗ ਕੀਤੀ ਗਈ ਮੀਟਿੰਗ ਕਰਨ ਉਪਰੰਤ ਚੋਣਵੇਂ ਪੱਤਰਕਾਰਾਂ ਨੂੰ ਜਾਣਕਾਰੀ ਦਿੰਦਿਆਂ ਸੁਖਪਾਲ ਸਿੰਘ ਖਹਿਰਾ ਨੇ ਦੱਸਿਆ ਕਿ ਆਮ ਆਦਮੀ ਪਾਰਟੀ ਪੂਰੀ ਤਰ੍ਹਾਂ ਪੰਜਾਬ ਵਿੱਚੋਂ ਫੇਲ੍ਹ ਹੋ ਚੁੱਕੀ ਹੈ ਪੰਜਾਬ ਦਾ ਮਾਹੌਲ ਬਿਲਕੁਲ ਖ਼ਰਾਬ ਕਰਕੇ ਰੱਖ ਦਿੱਤਾ ਹੈ, ਲੁੱਟਾਂ ਖੋਹਾਂ ਦਿਨ ਦਿਹਾੜੇ ਆਮ ਗੱਲ ਹੋ ਚੁੱਕੀ ਹੈ ਸ੍ਰੀ ਖਹਿਰਾ ਨੇ ਕਿਹਾ ਕਿ ਹਾਈ ਕਮਾਂਡ ਤੇ ਪਾਰਟੀ ਪ੍ਰਧਾਨ ਅਮਰਿੰਦਰ ਸਿੰਘ ਰਾਜਾ ਵੜਿੰਗ ਵੱਲੋਂ ਸੰਗਰੂਰ ਸੀਟ ਤੋਂ ਨੌਜਵਾਨ ਦਲਵੀਰ ਸਿੰਘ ਗੋਲਡੀ ਨੂੰ ਪਾਰਟੀ ਵੱਲੋਂ ਟਿਕਟ ਦਿੱਤੀ ਗਈ ਹੈ ਕਿਉਂਕਿ ਦਲਵੀਰ ਸਿੰਘ ਗੋਲਡੀ ਜੁਝਾਰੂ ਅਤੇ ਮਿਹਨਤੀ ਨੌਜਵਾਨ ਹੈ, ਉਹ ਹਮੇਸ਼ਾਂ ਹੀ ਲੋਕਾਂ ਦੀ ਮੱਦਦ ਕਰਨ ਲਈ ਤਿਆਰ ਬਰ ਤਿਆਰ ਰਹਿੰਦਾ ਹੈ ਉਨ੍ਹਾਂ ਕਿਹਾ ਕਿ ਤੁਸੀਂ ਆਪਣੀ ਕੀਮਤੀ ਵੋਟਾਂ ਪਾ ਕੇ ਬਦਲਾਅ ਦੇਖ ਹੀ ਲਿਆ ਹੈ ਤੁਸੀਂ ਆਪ ਸਮਝਦਾਰ ਹੋ ਉਨ੍ਹਾਂ ਨੇ ਲੋਕਾਂ ਨੂੰ ਅਪੀਲ ਕੀਤੀ ਹੈ ਕਿ ਇਸ ਵਾਰ ਦਲਵੀਰ ਸਿੰਘ ਗੋਲਡੀ ਨੂੰ ਵੋਟ ਪਾ ਕੇ ਕਾਮਯਾਬ ਕਰੋ ਤਾਂ ਕਿ ਸੰਗਰੂਰ ਦੀ ਅਸਲੀ ਜਿੱਤ ਹੋ ਸਕੇ ਇਸ ਮੌਕੇ ਹਰਮਿੰਦਰ ਸਿੰਘ ਗਿੱਲ ਸਾਬਕਾ ਐੱਮ.ਐੱਲ.ਏ ਪੱਟੀ, ਮੇਜਰ ਸਿੰਘ ਮੁੱਲਾਂਪੁਰ ਸੀਨੀਅਰ ਕਾਂਗਰਸੀ ਆਗੂ, ਭੁਪਿੰਦਰ ਸਿੰਘ ਚੇਅਰਮੈਨ ਲਤਾਲਾ, ਦਰਸ਼ਨ ਸਿੰਘ ਸ਼ੇਰਪੁਰੀ ਸਾਬਕਾ ਪ੍ਰਧਾਨ ਅਕਾਲ ਪ੍ਰਕਾਸ਼ ਗੁਰਦੁਆਰਾ ਸਾਹਿਬ ਸ਼ੇਰਪੁਰ, ਅਜਾਇਬ ਸਿੰਘ ਸਮਰਾ,ਠੇਕੇਦਾਰ ਭੋਲਾ ਸਿੰਘ ਟਿੱਬਾ, ਸੀਨੀਅਰ ਕਾਂਗਰਸੀ ਲੀਡਰ ਰਾਜ ਸਿੰਘ ਖੇੜੀ ਸਾਬਕਾ ਐੱਮ.ਐੱਲ.ਏ,ਐਡਵੋਕੇਟ ਜਸਵੀਰ ਸਿੰਘ ਖੇੜੀ, ਰਾਮਦਾਸ ਸਿੰਘ ਬਿੱਟੂ, ਠੇਕੇਦਾਰ ਸੰਜੇ ਸਿੰਗਲਾ,ਬਚਿੱਤਰ ਸਿੰਘ ਧਾਲੀਵਾਲ,ਬਹਾਦਰ ਸਿੰਘ ,ਬਲਵੀਰ ਸਿੰਘ ਡਾਇਰੈਕਟਰ ਐਗਰੀਕਲਚਰ ਸਰਵਿਸ ਸੁਸਾਇਟੀ ਸ਼ੇਰਪੁਰ ਪ੍ਰਧਾਨ, ਰਵਿੰਦਰ ਸਿੰਘ ਅੱਤਰੀ ਕਾਂਗਰਸੀ ਲੀਡਰ, ਪਰਗਟ ਸਿੰਘ ਪ੍ਰੀਤ, ਗੁਰਮੇਲ ਸਿੰਘ ਸਾਬਕਾ ਪੰਚ, ਹੈਪੀ ਤੂਰ ਸਰਪੰਚ ਘਨੌਰੀ, ਕੁਲਦੀਪ ਸਿੰਘ ਕੀਪਾ ਸੀਨੀਅਰ ਕਾਂਗਰਸੀ ਆਗੂ,ਮਾਸਟਰ ਗੁਰਨਾਮ ਸਿੰਘ ਸ਼ੇਰਪੁਰ ਅਤੇ ਚੌਕੀਦਾਰ ਬਹਾਦਰ ਸਿੰਘ ਮੌਜੂਦ ਸਨ।

# ਕੱਲ੍ਹ 21 ਜੂਨ ਨੂੰ ਅੰਤਰ-ਰਾਸ਼ਟਰੀ ਯੋਗਾ ਦਿਵਸ ਮਨਾਇਆ ਜਾਵੇਗਾ



**ਛੋਟਾ ਘੱਲੂਘਾਰਾ ਸਮਾਰਕ ਕਾਹਨੂੰਵਾਨ ਛੰਬ ਵਿਖੇ, ਫਿਸ਼ ਪਾਰਕ ਗੁਰਦਾਸਪੁਰ, ਹਜ਼ੀਰਾ ਪਾਰਕ ਬਟਾਲਾ, ਪੀ.ਡਬਲਿਊ.ਡੀ ਰੈਸਟ ਹਾਊਸ ਡੇਰਾ ਬਾਬਾ ਨਾਨਕ ਅਤੇ ਜੁਡੀਸ਼ੀਅਲ ਕੰਪਲੈਕਸ ਗੁਰਦਾਸਪੁਰ ਤੇ ਬਟਾਲਾ ਵਿਖੇ ਅੰਤਰ-ਰਾਸ਼ਟਰੀ ਯੋਗਾ ਦਿਵਸ ਸਬੰਧੀ ਸਮਾਗਮ ਕਰਵਾਏ ਜਾਣਗੇ।**

**ਗੁਰਦਾਸਪੁਰ/ਨਵਨੀਤ ਕੁਮਾਰ**

ਕੱਲ੍ਹ 21 ਜੂਨ ਨੂੰ ਅੰਤਰ-ਰਾਸ਼ਟਰੀ ਯੋਗਾ ਦਿਵਸ ਸਬੰਧੀ ਜ਼ਿਲੇ ਵਿਚ 6 ਸਥਾਨਾਂ 'ਤੇ ਸਮਾਗਮ ਕਰਵਾਏ ਜਾਣਗੇ, ਜਿਸ ਸਬੰਧੀ ਸਬੰਧਤ ਅਧਿਕਾਰੀਆਂ ਵਲੋਂ ਤਿਆਰੀਆਂ ਮੁਕੰਮਲ ਕਰ ਲਈਆਂ ਗਈਆਂ ਹਨ ਜ਼ਿਲ੍ਹਾ ਹੈਰੀਟੇਜ਼ ਸੁਸਾਇਟੀ ਗੁਰਦਾਸਪੁਰ ਵਲੋਂ ਅੰਤਰ-ਰਾਸਟਰੀ ਯੋਗਾ ਦਿਵਸ ਮੌਕੇ ਛੋਟਾ ਘੱਲੂਘਾਰਾ ਸਮਾਰਕ ਕਾਹਨੂੰਵਾਨ ਛੰਬ ਵਿਖੇ ਸਮਾਗਮ ਕਰਵਾਇਆ ਜਾਵੇਗਾ।

ਇਸ ਸਬੰਧੀ ਜਾਣਕਾਰੀ ਦਿੰਦਿਆਂ ਸ੍ਰੀਮਤੀ ਅਮਨਦੀਪ ਕੋਰ ਘੁੰਮਣ ਐਸ.ਡੀ.ਐਮ-ਕਮ-ਮੈਂਬਰ ਸਕੱਤਰ ਆਪਰੇਸ਼ਨ ਐਂਡ ਮੇਨਟੀਨੈਂਸ ਸੁਸਾਇਟੀ ਘੱਲੂਘਾਰਾ ਮੋਮੋਰੀਅਲ, ਕਾਹਨੂੰਵਾਨ ਛੰਬ (ਗੁਰਦਾਸਪੁਰ) ਨੇ ਦੱਸਿਆ ਕਿ ਵੱਖ-ਵੱਖ ਵਿਭਾਗਾਂ ਦੇ ਅਧਿਕਾਰੀਆਂ ਵਲੋਂ ਸਮਾਗਮ ਦੀਆਂ ਤਿਆਰੀਆਂ ਮੁਕੰਮਲ ਕਰ ਲਈਆਂ ਗਈਆਂ ਹਨ ਉਨਾਂ ਅੱਗੇ ਦੱਸਿਆ ਕਿ ਅੰਤਰ-ਰਾਸ਼ਟਰੀ ਯੋਗਾ ਦਿਵਸ ਸਬੰਧੀ ਡਿਪਟੀ ਕਮਿਸਨਰ ਗੁਰਦਾਸਪੁਰ ਦੇ ਦਿਸ਼ਾ-ਨਿਰਦੇਸ਼ਾਂ ਹੇਠ ਸਬੰਧਤ ਅਧਿਕਾਰੀਆਂ ਦੀਆਂ ਡਿਊਟੀਆਂ ਲਗਾਈਆਂ ਗਈਆਂ ਸਨ ਅਤੇ ਸਮਾਗਮ ਨੂੰ ਸਫਲਤਾਪੂਰਵਕ ਢੰਗ ਨਾਲ ਨੇਪਰੇ ਚਾੜ੍ਹਣ ਲਈ ਹਦਾਇਤ ਕੀਤੀ ਗਈ ਹੈ ਉਨਾਂ ਜ਼ਿਲ੍ਹਾ ਵਾਸੀਆਂ ਨੂੰ ਯੋਗਾ ਕਰਨ ਅਤੇ ਯੋਗਾ ਦਿਵਸ ਮੌਕੇ ਵੱਧ ਤੋਂ ਵੱਧ ਸ਼ਮੂਲੀਅਤ ਕਰਨ ਦੀ ਅਪੀਲ ਕੀਤੀ॥

ਇਸ ਮੌਕੇ ਜ਼ਿਲ੍ਹਾ ਆਯੁਰਵੈਦਿਕ ਅਤੇ ਯੂਨਾਨੀ ਅਫਸਰ ਡਾ. ਸੁਖਮਿੰਦਰ ਕੋਰ ਨੇ ਦੱਸਿਆ ਕਿ ਅੰਤਰ-ਰਾਸ਼ਟਰੀ ਯੋਗਾ ਦਿਵਸ ਸਬੰਧੀ ਸਮਾਗਮ ਛੋਟਾ ਘੱਲੂਘਾਰਾ ਕਾਹਨੂੰਵਾਨ ਛੰਬ ਤੋਂ ਇਲਾਵਾ ਫਿਸ਼ ਪਾਰਕ ਗੁਰਦਾਸਪੁਰ , ਹਜ਼ੀਰਾ ਪਾਰਕ ਬਟਾਲਾ, ਪੀ.ਡਬਲਿਊ.ਡੀ ਰੈਸਟ ਹਾਊਸ ਡੇਰਾ ਬਾਬਾ ਨਾਨਕ, ਜੁਡੀਸ਼ੀਅਲ ਕੰਪਲੈਕਸ ਗੁਰਦਾਸਪੁਰ ਤੇ ਬਟਾਲਾ ਵਿਖੇ ਅੰਤਰ-ਰਾਸ਼ਟਰੀ ਯੋਗਾ ਦਿਵਸ ਮਨਾਇਆ ਜਾਵੇਗਾ ਉਪਰੋਕਤ ਸਾਰੇ ਸਥਾਨਾਂ 'ਤੇ ਸਵੇਰੇ 6 ਵਜੇ ਤੋਂ 8 ਵਜੇ ਤਕ ਸਮਾਗਮ ਹੋਵੇਗਾ।

# ਜਥੇਬੰਦੀਆਂ ਨੇ ਕਰੋਨਾ ਸਮੇਂ ਦੇ ਦਰਜ ਕੇਸ ਰੱਦ ਕਰਾਉਣ ਲਈ ਜਿਲਾ ਮੈਜਿਸਟਰੇਟ ਨੂੰ ਦਿੱਤਾ ਮੰਗ ਪੱਤਰ



**ਸਹੀਦ ਭਗਤ ਸਿੰਘ ਨਗਰ/ਲੋਕ ਬਾਣੀ**

ਜਨਤਕ ਜਥੇਬੰਦੀਆਂ ਵਲੋਂ ਜਿਲਾ ਮੈਜਿਸਟਰੇਟ ਨੂੰ ਮੰਗ ਪੱਤਰ ਦੇਕੇ ਕਰੋਨਾ ਕਾਲ ਵਿਚ ਦਰਜ ਕੀਤੇ ਗਏ ਪੁਲਸ ਕੇਸ ਰੱਦ ਕਰਨ ਦੀ ਮੰਗ ਕੀਤੀ ਗਈ ਇੰਡੀਅਨ ਫੈਡਰੇਸ਼ਨ ਆਫ ਟਰੇਡ ਯੂਨੀਅਨਜ਼(ਇਫਟੂ) ਪੰਜਾਬ ਦੇ ਸੂਬਾਈ ਪ੍ਰੈੱਸ ਸਕੱਤਰ ਜਸਬੀਰ ਦੀਪ, ਇਸਤਰੀ ਜਾਗ੍ਰਿਤੀ ਮੰਚ ਦੇ ਸੂਬਾ ਪ੍ਰਧਾਨ ਗੁਰਬਖਸ਼ ਕੌਰ ਸੰਘਾ, ਕਿਰਤੀ ਕਿਸਾਨ ਯੂਨੀਅਨ ਦੇ ਜਿਲਾ ਸਕੱਤਰ ਸੁਰਿੰਦਰ ਸਿੰਘ ਬੈਂਸ, ਪੇਂਡੂ ਮਜਦੂਰ ਯੂਨੀਅਨ ਦੇ ਆਗੂ ਕਮਲਜੀਤ ਸਨਾਵਾ, ਹਰੀ ਰਾਮ ਰਸੂਲਪੁਰੀ,ਜਮਹੂਰੀ ਅਧਿਕਾਰ ਸਭਾ ਦੇ ਆਗੂ ਬੂਟਾ ਸਿੰਘ ਮਹਿਮੂਦ ਪੁਰ ,ਗੁਰਨੇਕ ਸਿੰਘ ਚੂਹੜ ਪੁਰ, ਆਟੋ ਵਰਕਰਜ਼ ਯੂਨੀਅਨ ਦੇ ਆਗੂ ਪੁਨੀਤ ਕੁਮਾਰ ਅਤੇ ਬਿੱਲਾ ਗੁੱਜਰ,ਮੁਲਾਜ਼ਮ ਆਗੂ ਕੁਲਦੀਪ ਸਿੰਘ ਦੌੜਕਾ,ਤਰਕਸ਼ੀਲ ਸੁਸਾਇਟੀ ਦੇ ਆਗੂ ਮੁਕੰਦ ਲਾਲ ,ਹਰਪਾਲ ਸਿੰਘ ਜਗਤ ਪੁਰ ਨੇ ਕਿਹਾ ਕਿ ਪੰਜਾਬ ਸਰਕਾਰ ਵਲੋਂ ਇਕ ਪੱਤਰ ਜਾਰੀ ਕਰਕੇ ਕਰੋਨਾ ਕਾਲ ਦੇ ਕਿਸਾਨਾਂ, ਮਜਦੂਰਾਂ ਉੱਤੇ ਡਿਜਾਸਟਰ ਮੈਨੇਜਮੈਂਟ ਐਕਟ 2005,51 ਐਪੀਡੈਮਿਕ ਡਜੀਜ਼ਜ਼ ਐਕਟ .1897 ਤਹਿਤ ਦਰਜ ਕੇਸ ਰੱਦ ਕਰਨ ਦੇ ਹੁਕਮ ਜਾਰੀ ਹੋਏ ਸਨ ਪੰਜਾਬ ਦੇ ਬਾਕੀ ਜਿਲਿਆਂ ਅੰਦਰ ਦਰਜ ਕੇਸ ਤਾਂ ਰੱਦ ਕਰ ਦਿੱਤੇ ਗਏ ਪਰ ਜਿਲਾ ਸ਼ਹੀਦ ਭਗਤ ਸਿੰਘ ਨਗਰ ਦੇ ਥਾਣਿਆਂ ਵਿਚ ਦਰਜ ਕੇਸ ਰੱਦ ਨਹੀਂ ਕੀਤੇ ਗਏ ਆਗੂਆਂ ਨੇ ਕਿਹਾ ਹੈ ਕਿ ਜੇਕਰ ਇਹ ਕੇਸ ਰੱਦ ਨਾ ਕੀਤੇ ਗਏ ਤਾਂ ਉਹਨਾਂ ਦੀਆਂ ਜਥੇਬੰਦੀਆਂ ਇਸਦੇ ਲਈ ਤਿੱਖਾ ਸੰਘਰਸ਼ ਛੇੜਨਗੀਆਂ।

# ਅਗਨੀਪਥ ਸਕੀਮ ਰੱਦ ਕਰਕੇ ਰੈਗੂਲਰ ਫੌਜੀ ਭਰਤੀ ਸ਼ੁਰੂ ਕਰੇ ਮੋਦੀ ਸਰਕਾਰ: ਪੱਖੋਕੇ ,ਬ੍ਰਹਮਪੁਰਾ

**ਜੰਡਿਆਲਾ ਗੁਰੂ/ਜਸਪਾਲ ਸ਼ਰਮਾ**

ਸ੍ਰੋਮਣੀ ਅਕਾਲੀ ਦਲ ਪੰਜਾਬ ਦੇ ਸੀਨੀਅਰ ਮੀਤ ਪ੍ਰਧਾਨ ਰਾਜਬੀਰ ਸਿੰਘ ਪੱਖੋਕੇ ਅਤੇ ਅਕਾਲੀ ਦਲ ਦੇ ਸਾਬਕਾ ਵਿਧਾਇਕ ਰਵਿੰਦਰ ਸਿੰਘ ਬ੍ਰਹਮਪੁਰਾ ਨੇ ਇੱਕ ਸਾਂਝੇ ਬਿਆਨ ਵਿੱਚ ਕਿਹਾ ਕਿ ਮੋਦੀ ਸਰਕਾਰ ਦੁਆਰਾ ਫੌਜੀ ਭਰਤੀ ਲਈ ਲਿਆਂਦੀ ਗਈ ਅਗਨੀਪਥ ਸਕੀਮ ਰੱਦ ਕਰਕੇ ਰੈਗੂਲਰ ਫੌਜੀ ਭਰਤੀ ਸ਼ੁਰੂ ਕਰਨ ਦੀ ਮੰਗ ਕਰਦਿਆਂ ਇਸ ਚਾਰ ਸਾਲਾਂ ਠੇਕਾ ਭਰਤੀ ਸਕੀਮ ਨੂੰ ਦੇਸ਼ ਦੇ ਨੌਜਵਾਨਾਂ ਨਾਲ ਇੱਕ ਭੱਦਾ ਮਜ਼ਾਕ ਕਰਾਰ ਦਿੱਤਾ ਹੈ ਪੱਖੋਕੇ ਨੇ ਕਿਹਾ ਕਿ ਹੈ ਕਿ ਇਸ ਸਕੀਮ ਦਾ ਸੱਚ ਇਹ ਹੈ ਕਿ ਆਪਣੇ ਕਾਰਪੋਰੇਟ ਮਿੱਤਰਾਂ ਨੂੰ ਅਰਬਾਂ-ਖਰਬਾਂ ਰੁਪਏ ਦੇ ਗੱਫੇ ਦੇਣ ਵਾਲੀ ਮੋਦੀ ਸਰਕਾਰ ਸਰਹੱਦਾਂ ਉੱਤੇ ਮੌਤ ਦਾ ਸਾਹਮਣਾ ਕਰਨ ਵਾਲੇ ਸੈਨਿਕਾਂ ਨੂੰ ਪੂਰੀ ਪੈਨਸ਼ਨ ਦੇਣ ਤੋਂ ਵੀ ਮੁਕਰ ਰਹੀ ਹੈ ਅੱਠ ਸਾਲ ਪਹਿਲਾਂ ਸੱਤਾ ਵਿੱਚ ਆਉਣ ਸਮੇਂ ਹਰ ਸਾਲ ਦੋ ਕਰੋੜ ਨੌਕਰੀਆਂ ਦੇਣ ਦਾ ਵਾਅਦਾ ਬਾਰ - ਬਾਰ ਦੁਹਰਾਇਆ ਸੀ ਜੋ ਕਿ ਉਸ ਦੇ ਬਹੁਤ ਸਾਰੇ ਹੋਰਾਂ ਵਾਗੂੰ ਇੱਕ ਜੁਮਲਾ ਅਤੇ ਧੋਖਾ ਹੀ ਸਾਬਤ ਹੋਇਆ ਖਰਚਾ ਘਟਾਉਣ ਤੇ ਪੈਸਾ ਬਚਾਉਣ ਦੀ ਆੜ ਵਿੱਚ ਹਰ ਵਿਭਾਗ ਵਿਚ ਠੇਕਾ ਭਰਤੀ ਦੀ ਨੀਤੀ ਉਤੇ ਚੱਲਦੀ ਮੋਦੀ ਸਰਕਾਰ ਹੁਣ ਦੇਸ਼ ਦੀ ਸੁਰੱਖਿਆ ਵਰਗੇ ਅਹਿਮ ਫੈਸਲੇ ਵੀ ਠੇਕਾ ਕਰਮੀਆਂ ਦੇ ਸਪੁਰਤ ਕਰਨ ਤੱਕ ਆ ਗਈ ਹੈ ਇਸੇ ਲਈ ਕੇਂਦਰ ਸਰਕਾਰ ਵੱਲੋਂ ਤਿੰਨ ਸਾਲ ਤੋਂ ਰੋਕੀ ਹੋਈ ਫੌਜੀ ਭਰਤੀ ਨੂੰ ਅਗਨੀਪਥ ਸਕੀਮ ਦੇ ਰੂਪ ਵਿੱਚ ਸ਼ੁਰੂ ਕਰਨ ਦਾ ਜੋ ਐਲਾਨ ਕੀਤਾ ਹੈ ਇਹ ਕਈ ਸਾਲਾਂ ਤੋਂ ਭਰਤੀ ਹੋਣ ਲਈ ਸਖਤ ਕਸਰਤ ਕਰ ਰਹੇ ਹਨ ਪੱਖੋਕੇ ਦਾ ਕਹਿਣਾ ਹੈ ਕਿ ਦੇਸ਼ ਅਤੇ ਸਮਾਜ ਦੀ ਬੇਹਤਰੀ ਤੇ ਸੁਰੱਖਿਆ ਲਈ ਜਰੂਰੀ ਹੈ ਕਿ ਕੇਂਦਰ ਸਰਕਾਰ ਅਗਨੀਪਥ ਸਕੀਮ ਰੱਦ ਕਰਕੇ ਫੌਜ ਲਈ ਪੱਕੀ ਭਰਤੀ ਸ਼ੁਰੂ ਕਰੇ।



# ਡਿਪਟੀ ਕਮਿਸ਼ਨਰ ਵੱਲੋਂ ਰਾਸ਼ਟਰੀ ਸਮਾਜਿਕ ਸਹਾਇਤਾ ਪ੍ਰੋਗਰਾਮ ਤਹਿਤ ਬੁਢਾਪਾ, ਵਿਧਵਾ, ਦਿਵਿਆਂਗਤਾ ਪੈਨਸ਼ਨ ਸਕੀਮਾਂ ਦਾ ਲਾਭ ਲੈਣ ਦੀ ਅਪੀਲ

**• ਜਲੰਧਰ 'ਚ ਵੱਖ-ਵੱਖ ਪੈਨਸ਼ਨ ਸਕੀਮਾਂ ਤਹਿਤ 5460 ਲਾਭਪਾਤਰੀਆਂ ਵੱਲੋਂ ਪ੍ਰਾਪਤ ਕੀਤੀ ਜਾ ਰਹੀ ਮਹੀਨਾਵਾਰ ਵਿੱਤੀ ਸਹਾਇਤਾ : ਘਨਸ਼ਿਆਮ ਥੋਰੀ**

**• ਕਿਸੇ ਵੀ ਜਾਣਕਾਰੀ ਲਈ 0181-2459634 'ਤੇ ਕੀਤਾ ਜਾ ਸਕਦੈ ਸੰਪਰਕ**

**ਜਲੰਧਰ/ਸੰਜੇ ਰਾਜਪੂਤ**

ਡਿਪਟੀ ਕਮਿਸ਼ਨਰ ਘਨਸ਼ਿਆਮ ਥੋਰੀ ਨੇ ਅੱਜ ਲੋਕਾਂ ਨੂੰ ਇੰਦਰਾ ਗਾਂਧੀ ਰਾਸ਼ਟਰੀ ਬੁਢਾਪਾ ਪੈਨਸ਼ਨ, ਇੰਦਰਾ ਗਾਂਧੀ ਰਾਸ਼ਟਰੀ ਵਿਧਵਾ ਪੈਨਸ਼ਨ, ਇੰਦਰਾ ਗਾਂਧੀ ਰਾਸ਼ਟਰੀ ਦਿਵਿਆਂਗਤਾ ਪੈਨਸ਼ਨ ਅਤੇ ਰਾਸ਼ਟਰੀ ਪਰਿਵਾਰਕ ਲਾਭ ਸਕੀਮ ਸਮੇਤ ਵੱਖ-ਵੱਖ ਸਮਾਜਿਕ ਸੁਰੱਖਿਆ ਸਕੀਮਾਂ ਦਾ ਵੱਧ ਤੋਂ ਵੱਧ ਲਾਭ ਉਠਾਉਣ ਦਾ ਸੱਦਾ ਦਿੱਤਾ।

ਇਸ ਸਬੰਧੀ ਵਧੇਰੇ ਜਾਣਕਾਰੀ ਦਿੰਦਿਆਂ ਡਿਪਟੀ ਕਮਿਸ਼ਨਰ ਨੇ ਦੱਸਿਆ ਕਿ ਇੰਦਰਾ ਗਾਂਧੀ ਰਾਸ਼ਟਰੀ ਬੁਢਾਪਾ ਪੈਨਸ਼ਨ ਸਕੀਮ ਤਹਿਤ 60-79 ਸਾਲ ਦੀ ਉਮਰ ਦੇ ਬੀ.ਪੀ.ਐਲ. ਵਰਗ ਨਾਲ ਸਬੰਧਤ ਵਿਅਕਤੀ 200 ਰੁਪਏ ਅਤੇ 80 ਸਾਲ ਤੋਂ ਵੱਧ ਉਮਰ ਦੇ ਵਿਅਕਤੀ 500 ਰੁਪਏ ਮਹੀਨਾ ਪੈਨਸ਼ਨ ਦੇ ਯੋਗ ਹਨ ਉਨ੍ਹਾਂ ਦੱਸਿਆ ਕਿ ਇਸ ਸਕੀਮ ਤਹਿਤ ਜਲੰਧਰ ਵਿੱਚ 4344 ਯੋਗ ਵਿਅਕਤੀ ਰਜਿਸਟਰ ਹਨ ਅਤੇ ਮਹੀਨਾਵਾਰ ਪੈਨਸ਼ਨ ਪ੍ਰਾਪਤ ਕਰ ਰਹੇ ਹਨ॥

ਉਨ੍ਹਾਂ ਦੱਸਿਆ ਕਿ ਇੰਦਰਾ ਗਾਂਧੀ ਰਾਸ਼ਟਰੀ ਵਿਧਵਾ ਪੈਨਸ਼ਨ ਸਕੀਮ ਤਹਿਤ ਬੀ.ਪੀ.ਐਲ. ਵਰਗ ਨਾਲ ਸਬੰਧਤ 40-79 ਸਾਲ ਉਮਰ ਦੀਆਂ ਵਿਧਵਾ ਔਰਤਾਂ ਨੂੰ 300 ਰੁਪਏ ਮਹੀਨਾ ਅਤੇ 80 ਸਾਲ ਤੋਂ ਵੱਧ ਉਮਰ ਦੀਆਂ ਵਿਧਵਾ ਔਰਤਾਂ ਨੂੰ 500 ਰੁਪਏ ਮਹੀਨਾ ਪੈਨਸ਼ਨ ਦਿੱਤੀ ਜਾਂਦੀ ਹੈ ਉਨ੍ਹਾਂ ਦੱਸਿਆ ਕਿ 893 ਲਾਭਪਾਤਰੀ ਔਰਤਾਂ ਵੱਲੋਂ ਇਸ ਦਾ ਲਾਭ ਲਿਆ ਜਾ ਰਿਹਾ ਹੈ॥

ਘਨਸ਼ਿਆਮ ਥੋਰੀ ਨੇ ਅੱਗੇ ਦੱਸਿਆ ਕਿ ਜਲੰਧਰ ਵਿੱਚ ਇੰਦਰਾ ਗਾਂਧੀ ਰਾਸ਼ਟਰੀ ਦਿਵਿਆਂਗਤਾ ਪੈਨਸ਼ਨ ਸਕੀਮ ਤਹਿਤ 223 ਯੋਗ ਵਿਅਕਤੀਆਂ ਵੱਲੋਂ ਮਹੀਨਾਵਾਰ ਪੈਨਸ਼ਨ ਪ੍ਰਾਪਤ ਕੀਤੀ ਜਾ ਰਹੀ ਹੈ ਉਨ੍ਹਾਂ ਦੱਸਿਆ ਕਿ ਇਸ ਸਕੀਮ ਤਹਿਤ 80 ਫੀਸਦੀ ਤੋਂ ਵੱਧ ਦਿਵਿਆਂਗਤਾ ਵਾਲੇ 18 ਤੋਂ 79 ਸਾਲ ਉਮਰ ਦੇ ਬੀ.ਪੀ.ਐਲ. ਵਰਗ ਨਾਲ ਸਬੰਧਤ ਵਿਅਕਤੀਆਂ ਨੂੰ 300 ਰੁਪਏ ਮਹੀਨਾ ਅਤੇ 80 ਸਾਲ ਤੋਂ ਵੱਧ ਉਮਰ ਦੇ ਵਿਅਕਤੀਆਂ ਨੂੰ 500 ਰੁਪਏ ਮਹੀਨਾ ਪੈਨਸ਼ਨ ਦਿੱਤੀ ਜਾਂਦੀ ਹੈ ਜਲੰਧਰ ਵਿੱਚ ਕੁੱਲ 223 ਯੋਗ ਵਿਅਕਤੀਆਂ ਵੱਲੋਂ ਇਸ ਸਕੀਮ ਦਾ ਲਾਭ ਪ੍ਰਾਪਤ ਕੀਤਾ ਜਾ ਰਿਹਾ ਹੈ॥

ਉਨ੍ਹਾਂ ਇਹ ਵੀ ਦੱਸਿਆ ਕਿ ਰਾਸ਼ਟਰੀ ਪਰਿਵਾਰਕ ਲਾਭ ਸਕੀਮ ਤਹਿਤ ਬੀ.ਪੀ.ਐਲ. ਪਰਿਵਾਰ 18-60 ਸਾਲ ਉਮਰ ਦੇ ਘਰ ਦੇ ਕਮਾਊ ਮੁਖੀ ਦੀ ਮੌਤ ਹੋਣ ਜਾਣ @ਤੇ 20,000 ਦੀ ਵਿੱਤੀ ਸਹਾਇਤਾ ਪ੍ਰਾਪਤ ਕਰਨ ਦਾ ਹੱਕਦਾਰ ਹੈ॥

ਘਨਸ਼ਿਆਮ ਥੋਰੀ ਨੇ ਦੱਸਿਆ ਕਿ ਇਹ ਸਕੀਮਾਂ ਕੇਂਦਰ ਸਰਕਾਰ ਵੱਲੋਂ ਰਾਸ਼ਟਰੀ ਸਮਾਜਿਕ ਸਹਾਇਤਾ ਪ੍ਰੋਗਰਾਮ ਤਹਿਤ ਸਮਾਜਿਕ ਆਰਥਿਕ ਜਾਤੀ ਜਨਗਣਨਾ 2011 ਅਨੁਸਾਰ ਬੀ.ਪੀ.ਐਲ. ਵਰਗ ਨਾਲ ਸਬੰਧਤ ਲੋਕਾਂ ਨੂੰ ਮਹੀਨਾਵਾਰ ਵਿੱਤੀ ਸਹਾਇਤਾ ਪ੍ਰਦਾਨ ਕਰਨ ਲਈ ਚਲਾਈਆਂ ਜਾ ਰਹੀਆਂ ਹਨ ਉਨ੍ਹਾਂ ਅਧਿਕਾਰੀਆਂ ਨੂੰ ਜ਼ਿਲ੍ਹੇ ਵਿੱਚ ਪੰਚਾਇਤਾਂ ਅਤੇ ਨਗਰ ਕੌਂਸਲਾਂ ਰਾਹੀਂ ਮੁਹਿੰਮਾਂ ਚਲਾ ਸਕੀਮਾਂ ਸਬੰਧੀ ਲੋਕਾਂ ਨੂੰ ਜਾਗਰੂਕ ਕਰਨ ਦੀਆਂ ਹਦਾਇਤਾਂ ਦਿੱਤੀਆਂ॥ ਸਾਰੀਆਂ ਪੈਨਸ਼ਨ ਸਕੀਮਾਂ ਲਈ ਜ਼ਰੂਰੀ ਦਸਤਾਵੇਜ਼ਾਂ ਵਿੱਚ ਆਧਾਰ ਕਾਰਡ, ਬੀ.ਪੀ.ਐਲ. ਕਾਰਡ, ਪਾਸਪੋਰਟ ਆਕਾਰ ਦੀ ਫੋਟੋ ਅਤੇ ਐਕਟਿਵ ਬੈਂਕ ਖਾਤਾ ਸ਼ਾਮਲ ਹੈ ਵਿਧਵਾ ਪੈਨਸ਼ਨ ਅਤੇ ਰਾਸ਼ਟਰੀ ਪਰਿਵਾਰਕ ਲਾਭ (ਐਨ.ਐਫ.ਬੀ.ਐਸ.) ਸਕੀਮ ਲਈ ਪਤੀ/ਘਰ ਦੇ ਕਮਾਊ ਮੁਖੀ ਦੀ ਮੌਤ ਦਾ ਸਰਟੀਫਿਕੇਟ ਅਤੇ ਦਿਵਿਆਂਗਤਾ ਪੈਨਸ਼ਨ ਲਈ ਦਿਵਿਆਂਗਤਾ ਸਰਟੀਫਿਕੇਟ (ਯੂ.ਡੀ.ਆਈ.ਡੀ. ਕਾਰਡ) ਹੋਣਾ ਚਾਹੀਦਾ ਹੈ। ਘਨਸ਼ਿਆਮ ਥੋਰੀ ਨੇ ਕਿਹਾ ਕਿ ਇਸ ਸਬੰਧੀ ਕਿਸੇ ਵੀ ਤਰ੍ਹਾਂ ਦੀ ਸਹਾਇਤਾ/ਜਾਣਕਾਰੀ ਲਈ ਲੋਕ ਸਮਾਜਿਕ ਸੁਰੱਖਿਆ ਵਿਭਾਗ ਦੇ ਅਧਿਕਾਰੀਆਂ/ਕਰਮਚਾਰੀਆਂ ਨਾਲ 0181-2459634 @ਤੇ ਸੰਪਰਕ ਕਰ ਸਕਦੇ ਹਨ ਇਸ ਤੋਂ ਇਲਾਵਾ ਸੁਵਿਧਾ ਕੇਂਦਰ ਦੇ ਪਿਛਲੇ ਪਾਸੇ ਜ਼ਿਲ੍ਹਾ ਪ੍ਰਬੰਧਕੀ ਕੰਪਲੈਕਸ ਸਥਿਤ ਸਮਾਜਿਕ ਸੁਰੱਖਿਆ ਅਫ਼ਸਰ ਦੇ ਦਫ਼ਤਰ ਵਿਖੇ ਵੀ ਪਹੁੰਚ ਕੀਤੀ ਜਾ ਸਕਦੀ ਹੈ॥

# ਅੱਜ ਤੀਸਰੇ ਦਿਨ ਕੈਡਿਟਾਂ ਨੂੰ ਸੱਭਿਆਚਾਰਕ ਅਤੇ ਖੇਡਾਂ ਤੇ ਡਰਿਲ,ਫਾਇਰਿੰਗ ਆਦਿ ਬਾਰੇ ਜਾਣਕਾਰੀ ਦਿੱਤੀ




**ਜੰਡਿਆਲਾ ਗੁਰੂ/ਜਸਪਾਲ ਸ਼ਰਮਾ**

ਸੇਂਟ ਸੋਲਜਰ ਇਲੀਟ ਕਾਨਵੈਂਟ ਸਕੂਲ ਜੰਡਿਆਲਾ ਗੁਰੂ ਵਿਖੇ ਮੈਨਜਿੰਗ ਡਾਇਰੈਕਟਰ ਡਾ ਮੰਗਲ ਸਿੰਘ ਕਿਸ਼ਨਪੁਰੀ ਦੇ ਸਹਿਯੋਗ ਨਾਲ ਅੰਮ੍ਰਿਸਰ ਐੱਨ.ਸੀ.ਸੀ ਗਰੁੱਪ ਦੇ ਗਰੁੱਪ ਕਮਾਂਡਰ ਬ੍ਰਿਗੇਡੀਅਰ ਰੋਹਿਤ ਕੁਮਾਰ ਦੇ ਆਦੇਸ਼ਾਂ ਤੇ ਪੰਜਾਬ ਬਟਾਲੀਅਨ ਐੱਨ.ਸੀ.ਸੀ ਅੰਮ੍ਰਿਤਸਰ ਵੱਲੋਂ ਮਿਤੀ 17 ਜੂਨ 2022 ਤੋਂ 26 ਜੂਨ 2022 ਤੱਕ ਲਗਾਈਆਂ ਗਿਆ ਇਸ ਕੈਂਪ ਦੇ ਕਮਾਂਡਿੰਗ ਅਫਸਰ ਕਰਨਲ ਕਰਨੈਲ ਸਿੰਘ ਦੀ ਦੇਖ ਰੇਖ ਹੇਠ ਸੇਂਟ ਸੋਲਜਰ ਇਲੀਟ ਕਾਨਵੈਂਟ ਸਕੂਲ ਜੰਡਿਆਲਾ ਗੁਰੂ ਵਿਖੇ ਚੱਲ ਰਿਹਾ ਹੈ ਕੈਂਪ ਦੇ ਦੂਸਰੇ ਦਿਨ ਕੈਂਪ ਕਮਾਂਡਿੰਗ ਅਫ਼ਸਰ ਕਰਨੈਲ ਸਿੰਘ ਨੇ ਮੀਡੀਆ ਨੂੰ ਇਸ ਕੈਂਪ ਦੀ ਜਾਣਕਾਰੀ ਦਿੰਦਿਆਂ ਦੱਸਿਆ ਕਿ ਜਿਲਾ ਅੰਮ੍ਰਿਤਸਰ ,ਤਰਨ ਤਾਰਨ ਅਤੇ ਗੁਰਦਾਸਪੁਰ ਜਿਲ੍ਹੇ ਦੇ ਵੱਖ ਵੱਖ ਸਕੂਲਾਂ ਅਤੇ ਕਾਲਜਾਂ ਦੇ ਆਏ ਲਡ?ਕੀਆਂ ਅਤੇ ਲੜਕਿਆਂ ਦੀ 477 ਦੇ ਕਰੀਬ ਕੈਡਿਟਾਂ ਦਾ ਕੈਂਪ ਦਾ ਅਯੁਜਨ ਕੀਤਾ ਗਿਆ ਹੈ ਸਾਰੇ ਕੈਡਿਟਾਂ ਨੂੰ ਦੱਸਿਆ ਕਿ ਆਤਮ ਨਿਰਭਰ ਅਤੇ ਅਨੁਸ਼ਾਸਨ ਆਪਸੀ ਭਾਈਚਾਰਕ ਭਾਰਤ ਦੀ ਏਕਤਾ ਤੇ ਅਖੰਡਤਾ ਨੂੰ ਬਣਾਈ ਰੱਖਣਾ ਸਾਡਾ ਸਭ ਦਾ ਫ਼ਰਜ਼ ਹੈ ਆਏ ਬੱਚਿਆਂ ਨੂੰ ਦੱਸਿਆ ਜਾਂਦਾ ਹੈ ਕਿ ਇਸ ਸੱਭ ਲਈ ਐੱਨ.ਸੀ.ਸੀ ਅਪਨਾ ਬਣਦਾ ਰੋਲ ਅਦਾ ਕਰ ਰਹੀ ਹੈ ਅਤੇ ਏਕਤਾ ਤੇ ਭਾਈਚਾਰੇ ਨੂੰ ਮਜ਼ਬੂਤੀ ਪ੍ਰਦਾਨ ਕਰ ਰਹੀ ਹੈ ਉਨ੍ਹਾਂ ਕੈਡਿਟਾਂ ਦੇਸ਼ ਦੀ ਸੁੰਦਰਤਾ ਨੂੰ ਮਾਣਨ ਅਤੇ ਪੰਜਾਬੀ ਸੱਭਿਆਚਾਰ ਨੂੰ ਨੇੜੇ ਤੋਂ ਦੇਖਣ ਅਤੇ ਏਕਤਾ ਅਤੇ ਅਨੁਸਾਸ਼ਨ ਵਿੱਚ ਰਹਿ ਕੇ ਜ਼ਿੰਦਗੀ ਨੂੰ ਸਫ਼ਲ ਬਣਾਉਣ ਦਾ ਮੂਲ ਮੰਤਰ ਵੀ ਦਿੱਤਾ ਇਸ ਕੈਂਪ ਵਿੱਚ ਆਏ ਬੱਚਿਆਂ ਨੇ ਦੱਸਿਆ ਕਿ ਇਸ ਕੈਂਪ ਵਿੱਚ ਸਾਨੂੰ ਬਹੁਤ ਕੁੱਝ ਸਿੱਖਣ ਨੂੰ ਮਿਲਦਾ ਹੈ ਜਿਵੇ ਆਪਸੀ ਭਾਈਚਾਰਕ ਸਾਂਝ ਅਨੁਸ਼ਾਸਨ ਅਤੇ ਆਪਣੀ ਲਾਈਫ ਨੂੰ ਜੀਣ ਲਈ ਕਿਸ ਤਰਾਂ ਵਧੀਆ ਬਣਾ ਸਕਦੇ ਹਨ ਲੜਕੀਆਂ ਅੱਜ ਦੇ ਯੁੱਗ ਵਿੱਚ ਬਹੁਤ ਤਰੱਕੀ ਕਰ ਰਹੀਆਂ ਹਨ ਅਸੀਂ ਪੜ੍ਹ ਲਿਖ ਕੇ ਆਪਣੇ ਦੇਸ਼ ਦੀ ਸੇਵਾ ਕਰਨੀ ਹੈ॥

ਇਸ ਸਬੰਧੀ ਇੰਚਾਰਜ ਗੁਰਪ੍ਰੀਤ ਸਿੰਘ ਰਿਆੜ ਨੇ ਦੱਸਿਆ ਕਿ ਕੈਂਪ ਨੂੰ ਯੋਗ ਤਰੀਕੇ ਨਾਲ ਚਲਾਉਣ ਲਈ ਮੇਜਰ ਮਨਜੀਤ ਸਿੰਘ, ਸੂਬੇਦਾਰ ਕਮਲਜੀਤ ਸਿੰਘ ਤੋਂ ਇਲਾਵਾ ਸੁਪਰਿਡੈਂਟ ਸ੍ਰੀ ਵਿਨੈ ਕੁਮਾਰ, ਸ੍ਰੀ ਮਨਜਿੰਦਰ ਸਿੰਘ, ਸ੍ਰੀ ਮੁਨੀਸ਼ ਅਬਰੋਲ, ਸ਼੍ਰੀਮਤੀ ਕਰਮਜੀਤ ਕੌਰ ਅਤੇ ਸਰਵਣ ਕਲਰਕ ,ਸਿਵਲ ਸਟਾਫ ਦੇ 16 ਮੈਂਬਰ ਐਨ.ਸੀ.ਸੀ ਅਫ਼ਸਰ ਵਰਿੰਦਰਜੀਤ ਸਿੰਘ ,ਗਗਨਦੀਪ ਸਿੰਘ,ਕਮਲਜੀਤ ਸਿੰਘ, ਬਲਜਿੰਦਰ ਸਿੰਘ, ਗੁਰਸੇਵਕ ਸਿੰਘ ,ਅਮਰਪ੍ਰੀਤ ਸਿੰਘ ਜਤਿੰਦਰ ਸਿੰਘ (ਕੇਅਰ ਟੇਕਰ ਐੱਨਸੀਸੀ ਕੈਂਪ) ਦੀ ਓਵਰਆਲ ਡਿਵੈਲਮੈਂਟ ਲਈ ਇੰਟਰਨੈਸ਼ਨ ਯੋਗਾ ਦਿਵਸ, ਵਾਲੀਬਾਲ,ਬਾਸਕਟਬਾਲ ,ਟੱਗ ਆਫ਼ ਵਾਰ, ਖੋ- ਖੋ ਅਤੇ ਦੌੜਾਂ ਦਾ ਪ੍ਰਬੰਧ ਵੀ ਕੀਤਾ ਜਾ ਰਿਹਾ ਹੈ ਇਸ ਸਮੇਂ ਕੈਂਪ ਕੈਡਿਟਾਂ ਨੂੰ ਵੈਪਨ ਟਰੇਨਿੰਗ ,ਡਰਿੱਲ ਅਤੇ ਹੋਰ ਸਿਖਲਾਈ ਦੇਣ ਲਈ ਸੂਬੇਦਾਰ ਹਰਜਾਬ ਸਿੰਘ, ਰਕੇਸ਼ ਕੁਮਾਰ, ਤਰਲੋਕ ਹਵਾਲਦਾਰ,ਸੰਜੀਵ ਕੁਮਾਰ,ਦਵਿੰਦਰਜੀਤ ਸਿੰਘ,ਪਰਵੀਨ, ਗੁਰਪਾਲ ਸਿੰਘ ਅਤੇ 15 ਦੇ ਕਰੀਬ ਫ਼ੌਜ ਦੇ ਜਵਾਨ 15 ਦਿਨ ਸੇਵਾਵਾਂ ਨਿਭਾਉਣਗੇ।

## ਅੱਜ ਦਾ ਵਿਚਾਰ

ਘਰ ਚ ਚਾਹੇ ਕਿੰਨੇ ਵੀ ਪਰਿਵਾਰ ਦੇ
ਮੈਂਬਰ ਕਿਉਂ ਨਾ ਹੋਣ॥
ਜੇਕਰ ਘਰ ਵਿਚ ਮਾਂ ਨਾ ਦਿਸੇ ਤਾਂ ਘਰ
ਖਾਲੀ ਖਾਲੀ ਲੱਗਦਾ ਹੈ।
ਮਾਂ ਬਿਨਾਂ ਕੋਈ ਦੁੱਖ ਸੁੱਖ ਨਹੀਂ ਪੁੱਛਦਾ
ਮਾਂ ਬਿਨਾਂ ਕੋਈ॥
ਲਾਡ ਨਹੀਂ ਲੜਾਉਂਦਾ ਇੱਕ ਮਾਂ ਹੀ ਹੈ
ਜੋ ਬੱਚੇ ਦੇ।
ਜਨਮ ਤੋਂ ਲੈ ਕੇ ਆਪਣੇ ਸਵਾਸਾਂ ਤਕ
ਸਾਥ ਨਿਭਾਉਂਦੀ ਹੈ।
ਹੋਰ ਤਾਂ ਸਾਰੇ ਮੌਕਾਪ੍ਰਸਤੀ ਰਸਤੇ ਹਨ
ਲੋੜ ਪੈਣ ਤੇ।
ਸਾਥ ਛੱਡ ਜਾਂਦੇ ਹਨ ਸਭ ਮਤਲਬ ਦੇ ਹੀ
ਰਿਸਤੇ ਹਨ ਇੱਕ ਮਾਂ ਹੀ।
ਸੱਚਾ ਰਿਸਤਾ ਹੈ ਜੋ ਨਿਭਾਉਂਦੀ ਹੈ ਜੇ ਮੁਸ਼ਕਲਾਂ
ਵਿਚੋਂ ਗੁਜ਼ਰ ਰਹੇ ਹੋ ਤਾਂ
ਹੌਸਲਾ ਰੱਖੋ ਇਹ ਮੁਸ਼ਕਲਾਂ ਇੱਕ ਦਿਨ ਤੁਹਾਡੇ
ਲਈ ਅਤੇ ਤੁਹਾਡੇ ਪਰਿਵਾਰ
ਲਈ ਇੱਕ ਦਿਨ ਬੜਾ ਸੁੱਖ ਦੇਣਗੀਆਂ,ਜਿੰਨੇ ਦੇ
ਮਾਤਾ ਇਸ ਸੰਸਾਰ ਚੋਂ ਨਹੀਂ ਰਹੇ
ਉਹਨੂੰ ਨੂੰ ਪੁੱਛ ਕੇ ਦੇਖੋ ਮਾਤਾ ਤੋਂ ਬਗੈਰ ਸੰਸਾਰ
ਸੁੰਨਾਂ ਸੁੰਨਾਂ ਜਾਪਦਾ ਹੈ

ਗੁਰਕੀਰਤਨ ਸਿੰਘ ਗਿੱਲ ਸਾਧਾਵਾਲਾ..
ਪੱਤਰਕਾਰ ਜਸਵਿੰਦਰ ਸਿੰਘ ਬਰਾੜ



# ਮਾਤਾ ਗੁਰਦੀਪ ਕੌਰ ਨੂੰ ਸ਼ਰਧਾ ਦੇ ਫੁੱਲ ਭੇਟ ਕੀਤੇ

## ਮਾਂ ਦਾ ਦੇਣ ਕੋਈ ਵੀ ਨਹੀਂ ਦੇ ਸਕਦਾ : ਅਰਸ਼ੀ

**ਜੰਡਿਆਲਾ ਗੁਰੂ/ਜਸਪਾਲ ਸ਼ਰਮਾ**

ਪਿੰਡ ਨਿਜ਼ਾਮਪੁਰ ਦੇ ਵਸਨੀਕ ਤੇ ਕਿਸਾਨ ਆਗੂ ਕਾਮਰੇਡ ਲਖਬੀਰ ਸਿੰਘ ਨਿਜ਼ਾਮਪੁਰਾ, ਮਾਸਟਰ ਜਸਬੀਰ ਸਿੰਘ ਤੇ ਅਵਤਾਰ ਸਿੰਘ ਦੇ ਮਾਤਾ ਗੁਰਦੀਪ ਕੌਰ ਜੋ ਕੁਝ ਦਿਨ ਪਹਿਲਾਂ ਇਸ ਫਾਨੀ ਸੰਸਾਰ ਨੂੰ ਅਲਵਿਦਾ ਕਹਿ ਕੇ ਗੁਰੂ ਚਰਨਾਂ ਵਿੱਚ ਜਾ ਬਿਰਾਜੇ ਸਨ ਦੀ ਅੰਤਿਮ ਅਰਦਾਸ ਤੇ ਆਖੰਡ ਪਾਠ ਸਾਹਿਬ ਦੇ ਭੋਗ ਪਿੰਡ ਨਿਜ਼ਾਮਪੁਰ ਵਿਖੇ ਪਾਏ ਗਏ ਇਸ ਮੌਕੇ ਤੇ ਕਾਮਰੇਡ ਹਰਦੇਵ ਸਿੰਘ ਅਰਸ਼ੀ ਨੇ ਮਾਤਾ ਗੁਰਦੀਪ ਕੌਰ ਨੂੰ ਸ਼ਰਧਾ ਦੇ ਫੁੱਲ ਭੇਟ ਕਰਦਿਆਂ ਕਿਹਾ ਕਿ ਇਸ ਦੁਨੀਆਂ ਤੇ ਮਾਂ ਦਾ ਦੇਣ ਕੋਈ ਵੀ ਨਹੀਂ ਦੇ ਸਕਦਾ

ਹੋਰਨਾਂ ਤੋਂ ਇਲਾਵਾ ਇਸ ਮੌਕੇ ਤੇ ਜਥੇਦਾਰ ਭੁਪਿੰਦਰ ਸਿੰਘ ਭੋਲਾ, ਤਰਸੇਮ ਸਿੰਘ ਨੰਗਲ ਦਿਆਲ ਸਿੰਘ, ਸਾਬਕਾ ਐਸਡੀਓ ਬਲਵੰਤ ਸਿੰਘ ਤੀਰਥਪੁਰਾ, ਕਾਮਰੇਡ ਜਗਰੂਪ ਸਿੰਘ, ਕੰਵਲਪ੍ਰੀਤ ਸਿੰਘ ਪੰਨੂ, ਭੁਪਿੰਦਰ ਸਿੰਘ ਸੰਧੂ, ਧੰਨਵਤ ਸਿੰਘ ਸਰਕਾਰੀਆ, ਕਾਮਰੇਡ ਬਲਕਰਨ ਸਿੰਘ, ਖੇਤੀਬਾੜੀ ਵਿਭਾਗ ਦੇ ਮੁਖੀ ਡਾਕਟਰ ਰੁਮਿੰਦਰ ਸਿੰਘ ਧੰਜੂ, ਪ੍ਰਧਾਨ ਦੀਪ ਸਿੰਘ, ਇੰਜੀ. ਬਲਜੀਤ ਸਿੰਘ ਜੰਮੂ ਐਮਬੀਐਸ ਰਿਜੋਰਟ ਵਾਲੇ, ਆਪ ਆਗੂ ਹਰਭਾਲ ਸਿੰਘ ਚੌਹਾਨ, ਡਾ. ਯਗਵਿੰਦਰ ਸਿੰਘ, ਸੰਮਤੀ ਮੈਂਬਰ ਰਵਿੰਦਰ ਸਿੰਘ ਰਵੀ,



ਮਲਕੀਅਤ ਸਿੰਘ, ਗੁਰਮੇਜ਼ ਸਿੰਘ ਮੱਖਣਵਿੰਡੀ, ਚਰਨਜੀਤ ਸਿੰਘ ਮੱਖਣਵਿੰਡੀ, ਗੁਰਦੀਪ ਸਿੰਘ ਮੱਖਣਵਿੰਡੀ, ਬਚਿੱਤਰ ਸਿੰਘ ਦੋਧੀ, ਐਡਵੋਕੇਟ ਰਾਜਵਿੰਦਰ ਸਿੰਘ ਰਾਣਾ, ਭੈਣ ਦਸਵਿੰਦਰ ਕੌਰ, ਮੁਕੰਦ ਸਿੰਘ ਕਪੂਰਥਲਾ, ਅਮਰਜੀਤ ਸਿੰਘ ਅਸਲ, ਬਲਕਾਰ ਸਿੰਘ ਦੁਧਾਲਾ, ਜਸਪਾਲ ਸਿੰਘ ਨਵਾਂ ਪਿੰਡ, ਪੱਤਰਕਾਰ ਦਲੇਰ ਸਿੰਘ ਜੌਹਲ, ਹਰਜੀਤ ਸਿੰਘ ਨਿਜ਼ਾਮਪੁਰ, ਪ੍ਰਤਾਪ ਸਿੰਘ ਛੀਨਾ, ਨਾਨਕ ਸਿੰਘ ਨਵਾਂ ਪਿੰਡ, ਗੁਰਮੀਤ ਸਿੰਘ ਜੰਮੂ, ਜੇਈ ਰਤਨ ਸਿੰਘ, ਜੇਈ ਜਰਨੈਲ ਸਿੰਘ ਛੀਨਾਂ, ਪ੍ਰਧਾਨ ਨਰਿੰਦਰ ਸਿੰਘ ਗਿੱਲ, ਭੁਪਿੰਦਰ ਸਿੰਘ, ਡਾ. ਤੇਜਪਾਲ ਸਿੰਘ ਸੰਧੂ, ਕਰਨੈਲ ਸਿੰਘ ਸੈਕਟਰੀ, ਬਖਸ਼ੀਸ਼ ਸਿੰਘ, ਡਾ. ਰੁਪਿੰਦਰ ਸਿੰਘ ਰੂਪਾ, ਸੱਜਣ ਸਿੰਘ, ਗੁਰਦਿਆਲ ਸਿੰਘ ਨਿਜ਼ਾਮਪੁਰ ਤੇ ਇਲਾਕੇ ਦੀਆਂ ਕਈ ਹੋਰ ਪੰਜਾਬ ਭਰ ਤੋਂ ਆਈਆਂ ਨਾਮਵਰ ਸ਼ਖਸੀਅਤਾਂ ਤੇ ਪੱਤਰਕਾਰ ਭਾਈਚਾਰੇ ਨੇ ਮਾਤਾ ਗੁਰਦੀਪ ਕੌਰ ਨੂੰ ਸ਼ਰਧਾ ਦੇ ਫੁੱਲ ਭੇਟ ਕੀਤੇ ਤੇ ਦੁਖੀ ਪਰਿਵਾਰ ਨੂੰ ਭਾਣਾ ਮੰਨਣ ਲਈ ਕਿਹਾ।

# ਬਟਾਲਾ ਹਲਕਾ ਵਾਸੀਆਂ ਦੀਆਂ ਮੁਸ਼ਕਲਾਂ ਨੂੰ ਜਾਨਣ ਅਤੇ ਹੱਲ ਕਰਨ ਲਈ ਵਿਧਾਇਕ ਸ਼ੈਰੀ ਕਲਸੀ ਤਿਆਰ ਕਰਨਗੇ 'ਮੋਬਾਇਲ ਐਪ'

**ਬਟਾਲਾ/ਸੁਖਨਾਮ ਸਿੰਘ**

ਵਿਧਾਨ ਸਭਾ ਹਲਕਾ ਬਟਾਲਾ ਦੇ ਵਸਨੀਕਾਂ ਦੀਆਂ ਮੁਸ਼ਕਲਾਂ ਹੱਲ ਕਰਨ ਲਈ ਵਿਧਾਇਕ ਸ੍ਰੀ ਅਮਨ ਸ਼ੇਰ ਸਿੰਘ ਕਲਸੀ ਵੱਲੋਂ ਨਵੇਂ ਤੇ ਨਿਵੇਕਲੇ ਉਪਰਾਲੇ ਦੀ ਸ਼ੁਰੂਆਤ ਕੀਤੀ ਜਾ ਰਹੀ ਹੈ ਵਿਧਾਇਕ ਸ਼ੈਰੀ ਕਲਸੀ ਵੱਲੋਂ ਆਪਣੇ ਹਲਕਾ ਵਾਸੀਆਂ ਦੀਆਂ ਮੁਸ਼ਕਲਾਂ ਨੂੰ ਜਾਨਣ ਅਤੇ ਉਨ੍ਹਾਂ ਦੇ ਹੱਲ ਲਈ ਜਲਦੀ ਹੀ ਇੱਕ ਮੋਬਾਇਲ ਐਪ ਤਿਆਰ ਕੀਤੀ ਜਾ ਰਹੀ ਹੈ ਜਿਸ ਰਾਹੀਂ ਕੋਈ ਵੀ ਵਿਅਕਤੀ ਉਨ੍ਹਾਂ ਨਾਲ ਘਰ ਬੈਠੇ ਹੀ ਸਿੱਧਾ ਸੰਪਰਕ ਕਰ ਸਕੇਗਾ।

ਇਸ ਬਾਰੇ ਜਾਣਕਾਰੀ ਦਿੰਦਿਆਂ ਵਿਧਾਇਕ ਸ੍ਰੀ ਅਮਨ ਸ਼ੇਰ ਸਿੰਘ ਕਲਸੀ ਨੇ ਦੱਸਿਆ ਕਿ ਉਨ੍ਹਾਂ ਵੱਲੋਂ ਜਲਦੀ ਹੀ ਇੱਕ ਮੋਬਾਇਲ ਐਪ ਬਣਾਈ ਜਾ ਰਹੀ ਹੈ ਜਿਸ ਰਾਹੀਂ ਲੋਕ ਆਪਣੀਆਂ ਮੁਸ਼ਕਲਾਂ ਉਨ੍ਹਾਂ ਦੇ ਧਿਆਨ ਵਿੱਚ ਲਿਆ ਸਕਣਗੇ ਉਨ੍ਹਾਂ ਦੱਸਿਆ ਕਿ ਇਸ ਐਪ ਜਰੀਏ ਲੋਕ ਆਪਣੇ ਮੁਹੱਲੇ ਵਿੱਚ ਸਫ਼ਾਈ, ਗਲੀਆਂ, ਸੜਕਾਂ, ਸਟਰੀਟ ਲਾਈਟਾਂ, ਸੀਵਰੇਜ ਦੀ ਨਿਕਾਸੀ ਆਦਿ ਮੁਸ਼ਕਲਾਂ ਬਾਰੇ ਆਨ-ਲਾਈਨ ਸ਼ਿਕਾਇਤ ਕਰ ਸਕਣਗੇ ਅਤੇ ਉਨ੍ਹਾਂ ਦੀ ਟੀਮ ਵੱਲੋਂ ਇਨ੍ਹਾਂ ਸਾਰੀਆਂ ਸਮੱਸਿਆਵਾਂ ਨੂੰ ਸਬੰਧਤ ਵਿਭਾਗਾਂ ਨੂੰ ਭੇਜ ਕੇ ਹੱਲ ਕਰਵਾਇਆ ਜਾਵੇਗਾ ਸ੍ਰੀ ਕਲਸੀ ਨੇ ਕਿਹਾ ਕਿ ਉਹ ਖੁਦ ਵੀ ਇਨ੍ਹਾਂ ਸਾਰੀਆਂ ਸਮੱਸਿਆਵਾਂ ਦੇ ਹੱਲ ਲਈ ਨਿੱਜੀ ਪੈਰਵੀ ਤੇ ਨਿਗਰਾਨੀ ਕਰਨਗੇ ਅਤੇ ਇਹ ਯਕੀਨੀ ਬਣਾਇਆ ਜਾਵੇਗਾ ਕਿ ਲੋਕਾਂ



ਦੀਆਂ ਮੁਸ਼ਕਲਾਂ ਦਾ ਤੁਰੰਤ ਨਿਪਟਾਰਾ ਕੀਤਾ ਜਾਵੇ। ਵਿਧਾਇਕ ਸ਼ੈਰੀ ਕਲਸੀ ਨੇ ਕਿਹਾ ਕਿ ਇਸ ਮੋਬਾਇਲ ਐਪ ਨੂੰ ਸ਼ੁਰੂ ਕਰਨ ਦਾ ਮਕਸਦ ਲੋਕਾਂ ਨਾਲ ਸਿੱਧੀ ਅਤੇ ਅਸਾਨ ਪਹੁੰਚ ਬਣਾਉਣਾ ਹੈ ਉਨ੍ਹਾਂ ਕਿਹਾ ਕਿ ਇਸ ਨਾਲ ਲੋਕਾਂ ਦੇ ਸਮੇਂ ਦੀ ਵੀ ਬਚਤ ਹੋਵੇਗੀ ਅਤੇ ਨਾਲ ਉਨ੍ਹਾਂ ਦੀਆਂ ਮੁਸ਼ਕਲਾਂ ਦਾ ਠੋਸ ਹੱਲ ਵੀ ਨਿਕਲੇਗਾ ਵਿਧਾਇਕ ਸ਼ੈਰੀ ਕਲਸੀ ਨੇ ਕਿਹਾ ਕਿ ਆਪਣੇ ਹਲਕਾ ਨਿਵਾਸੀਆਂ ਨਾਲ 'ਲੋਕ ਮਿਲਣੀ' ਪ੍ਰੋਗਰਾਮ ਵੀ ਜਾਰੀ ਰਹਿਣਗੇ ਅਤੇ ਲੋਕ ਉਨ੍ਹਾਂ ਨਾਲ ਨਿੱਜੀ ਤੌਰ 'ਤੇ ਵੀ ਮਿਲ ਸਕਦੇ ਹਨ ਉਨ੍ਹਾਂ ਕਿਹਾ ਕਿ ਬਟਾਲਾ ਹਲਕੇ ਦੇ ਨਿਵਾਸੀ ਉਨ੍ਹਾਂ ਦਾ ਆਪਣਾ ਪਰਿਵਾਰ ਹੈ ਅਤੇ ਉਹ ਆਪਣੇ ਲੋਕਾਂ ਦੀ ਬਿਹਤਰੀ ਅਤੇ ਵਿਕਾਸ ਲਈ ਹਰ ਉਪਰਾਲਾ ਕਰਦੇ ਰਹਿਣਗੇ॥

# ਸਹਾਇਕ ਕਮਿਸ਼ਨਰ (ਜਨਰਲ) ਵੱਲੋਂ ਉਸਾਰੀ ਕਿਰਤੀਆਂ ਨੂੰ ਲਾਭਪਾਤਰੀ ਵਜੋਂ ਰਜਿਸਟ੍ਰੇਸ਼ਨ ਕਰਾਉਣ ਦਾ ਸੱਦਾ

## - ਸ਼ਗਨ, ਵਜੀਫਾ, ਐਕਸਗ੍ਰੇਸ਼ੀਆ, ਮੁਫਤ ਇਲਾਜ, ਪੈਨਸ਼ਨ ਸਮੇਤ ਸਹੂਲਤਾਂ ਦਾ ਲਿਆ ਜਾ ਸਕਦਾ ਹੈ ਲਾਭ

**ਲੁਧਿਆਣਾ/ਸੁਖਚੈਨ ਮਹਿਰਾ, ਕਰਨ ਅੱਗਰਵਾਲ**

ਡਿਪਟੀ ਕਮਿਸ਼ਨਰ ਲੁਧਿਆਣਾ ਸ੍ਰੀਮਤੀ ਸੁਰਭੀ ਮਲਿਕ ਦੇ ਦਿਸ਼ਾ ਨਿਰਦੇਸ਼ ਹੇਠ ਸਹਾਇਕ ਕਮਿਸ਼ਨਰ (ਜਨਰਲ) ਸ. ਕੰਵਰਜੀਤ ਸਿੰਘ ਦੀ ਪ੍ਰਧਾਨਗੀ ਹੇਠ ਅੱਜ ਉਨ੍ਹਾਂ ਦੇ ਦਫ਼ਤਰ ਵਿਖੇ ਮੀਟਿੰਗ ਦਾ ਆਯੋਜਨ ਕੀਤਾ ਗਿਆ, ਜਿਸ ਵਿੱਚ ਉਨ੍ਹਾਂ ਨ੍ਹਲ੍ਹਾ ਲੁਧਿਆਣਾ ਨਾਲ ਸਬੰਧਤ ਸਾਰੇ ਉਸਾਰੀ ਕਿਰਤੀਆਂ ਨੂੰ ਪੰਜਾਬ ਬਿਲਡਿੰਗ ਐਂਡ ਅਦਰ ਕੰਸਟਰਕਸ਼ਨ ਵਰਕਰਜ਼ ਵੈਲਫੇਅਰ ਬੋਰਡ ਅਧੀਨ ਲਾਭਪਾਤਰੀ ਵਜੋਂ ਰਜਿਸਟਰਡ ਹੋਣ ਦਾ ਸੱਦਾ ਦਿੱਤਾ ਹੈ।

ਮੀਟਿੰਗ ਦੌਰਾਨ ਕਿਰਤ ਵਿਭਾਗ ਤੋਂ ਸਹਾਇਕ ਲੇਬਰ ਕਮਿਸ਼ਨਰ ਸ. ਸਰਬਜੋਤ ਸਿੰਘ ਸਿੱਧੂ, ਜਸਬੀਰ ਸਿੰਘ ਖਰੌੜ, ਸ. ਗੁਰਪ੍ਰੀਤ ਸਿੰਘ ਤੋਂ ਇਲਾਵਾ ਜ਼ਿਲ੍ਹਾ ਉਦਯੋਗ ਕੇਂਦਰ ਤੋਂ ਸ. ਬਲਵਿੰਦਰ ਸਿੰਘ ਸਿੱਧੂ ਵੀ ਮੌਜੂਦ ਸਨ।



ਸਹਾਇਕ ਕਮਿਸ਼ਨਰ (ਜਨਰਲ) ਸ. ਕੰਵਰਜੀਤ ਸਿੰਘ ਵੱਲੋਂ ਵੇਰਵਾ ਜਾਰੀ ਕਰਦਿਆਂ ਦੱਸਿਆ ਗਿਆ ਕਿ ਕਿਰਤ ਵਿਭਾਗ ਨਾਲ ਸਬੰਧਤ ਬੋਰਡ ਦੀਆਂ ਵੱਖ-ਵੱਖ ਭਲਾਈ ਸਕੀਮਾਂ ਦਾ ਲਾਭ ਲੈਣ ਲਈ ਬੋਰਡ ਅਧੀਨ ਲਾਭਪਾਤਰੀ ਰਜਿਸਟਰਡ ਹੋਣਾ ਜ਼ਰੂਰੀ ਹੈ ਉਨ੍ਹਾ ਦੱਸਿਆ ਕਿ ਉਸਾਰੀ ਦੇ ਕੰਮ ਨਾਲ ਸਬੰਧਤ ਕਿਰਤੀ ਜਿਵੇਂ ਰਾਜ ਮਿਸਤਰੀ, ਇੱਟਾਂ/ਸੀਮਿੰਟ ਪਕੜਾਉਣ ਵਾਲੇ ਮਜ਼ਦੂਰ, ਪਲੰਬਰ, ਤਰਖਾਣ, ਵੈਲਡਰ, ਇਲੈਕਟ੍ਰੀਸ਼ੀਅਨ, ਤਕਨੀਕੀ/ਕਲੈਰੀਕਲ ਕੰਮ ਕਰਨ ਵਾਲੇ, ਕਿਸੇ ਸਰਕਾਰੀ, ਅਰਧ ਸਰਕਾਰੀ ਜਾਂ ਪ੍ਰਾਈਵੇਟ ਅਦਾਰੇ ਵਿੱਚ ਇਮਾਰਤਾਂ, ਸੜ੍ਹਕ, ਨਹਿਰਾਂ, ਬਿਜਲੀ ਦੇ ਉਤਪਾਦਨ ਜਾਂ ਵੰਡ, ਟੈਲੀਫੋਨ, ਤਾਰ, ਰੇਡੀਓ, ਰੇਲ, ਹਵਾਈ ਅੱਡੇ ਆਦਿ ਤੇ ਉਸਾਰੀ, ਮੁਰੰਮਤ ਦਾ ਕੰਮ ਕਰਨ ਵਾਲੇ ਉਸਾਰੀ ਕਿਰਤੀ ਸ਼ਾਮਲ ਹਨ।

ਕਿਰਤ ਵਿਭਾਗ ਦੇ ਅਧਿਕਾਰੀਆਂ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਜ਼ਿਲ੍ਹਾ ਲੁਧਿਆਣਾ ਵਿੱਚ ਹੁਣ ਤੱਕ 54 ਹਜ਼ਾਰ ਦੇ ਕਰੀਬ ਲਾਭਪਾਤਰੀਆਂ ਦੀ ਰਜਿਸ਼ਟ੍ਰੇਸ਼ਨ ਹੋ ਚੁੱਕੀ ਹੈ ਉਨ੍ਹਾ ਦੱਸਿਆ ਕਿ ਉਸਾਰੀ ਕਿਰਤੀ ਦੀ ਉਮਰ 18 ਸਾਲ ਤੋਂ 60 ਸਾਲ ਦੇ ਵਿਚਕਾਰ ਹੋਣੀ ਚਾਹੀਦੀ ਹੈ ਰਜਿਸਟਰਡ ਲਾਭਪਾਤਰੀ ਬਣਨ ਲਈ ਉਸਾਰੀ ਕਿਰਤੀ ਨੇ ਪਿਛਲੇ 12 ਮਹੀਨਿਆ ਦੌਰਾਨ ਘੱਟੋ-ਘੱਟ 90 ਦਿਨ ਉਸਾਰੀ ਕਿਰਤੀ ਦਾ ਕੰਮ ਕੀਤਾ ਹੋਵੇ ਰਜਿਸਟਰਡ ਹੋਣ ਲਈ ਉਸਾਰੀ ਕਿਰਤੀ ਆਪਣੇ ਨੇੜੇ ਦੇ ਕਿਸੇ ਵੀ ਸੇਵਾ ਕੇਂਦਰ ਵਿਖੇ ਸੰਪਰਕ ਕਰ ਸਕਦਾ ਹੈ ਅਤੇ ਆਪਣੀ ਰਜਿਸਟ੍ਰੇਸ਼ਨ ਕਰਾਉਣ ਲਈ ਆਪਣਾ ਅਤੇ ਆਪਣੇ ਪਰਿਵਾਰ ਦੇ ਆਧਾਰ ਕਾਰਡ, ਬੈਂਕ ਖਾਤੇ ਦੀ ਪਾਸਬੁੱਕ ਪਰਿਵਾਰਿਕ ਮੈਂਬਰਾਂ ਦੀ ਪਾਸਪੋਰਟ ਸਾਈਜ ਫੋਟੋ, ਲਾਭਪਾਤਰੀ ਦੀ ਆਪਣੀ ਪਾਸਪੋਰਟ ਸਾਈਜ਼ ਫੋਟੋ, ਠੇਕੇਦਾਰ ਦਾ ਨਾਮ ਅਤੇ ਫੋਨ ਲੰਬਰ ਲਾਜ਼ਮੀ ਹੋਵੇਗਾ।

ਸਹਾਇਕ ਕਮਿਸ਼ਨਰ (ਜਨਰਲ) ਸ. ਕੰਵਰਜੀਤ ਸਿੰਘ ਨੇ ਅੱਗੇ ਦੱਸਿਆ ਕਿ ਉਸਾਰੀ ਕਿਰਤੀ ਬੋਰਡ ਅਧੀਨ ਲਾਭਪਾਤਰੀ ਬਣਨ ਉਪਰੰਤ ਵਿਭਾਗ ਦੀਆਂ ਵੱਖ-ਵੱਖ ਭਲਾਈ ਸਕੀਮਾਂ ਦਾ ਲਾਭ ਲੈਣ ਦਾ ਹੱਕਦਾਰ ਬਣ ਜਾਂਦਾ ਹੈ ਇਨ੍ਹਾਂ ਭਲਾਈ ਸਕੀਮਾਂ ਅਧੀਨ ਪੜ੍ਹ ਰਹੇ ਬੱਚਿਆਂ ਲਈ ਵਜੀਫਾ ਸਕੀਮਾਂ, ਬੇਟੀ ਦੀ ਸ਼ਾਦੀ ਲਈ ਸ਼ਗਨ ਸਕੀਮ, ਐਕਸਗ੍ਰੇਸ਼ੀਆ ਸਕੀਮ, ਦਾਹ ਸਸਕਾਰ ਲਈ ਰਾਸ਼ੀ, ਪ੍ਰਸੂਤਾ ਲਾਭ ਸਕੀਮ, ਬਾਲੜੀ ਤੋਹਫ਼ਾ ਸਕੀਮ, ਬਿਮਾਰੀਆਂ ਦੇ ਇਲਾਜ ਲਈ ਵਿੱਤੀ ਸਹਾਇਤਾ ਸ਼ਾਮਲ ਹਨ।

ਇਸ ਤੋਂ ਇਲਾਵਾ ਉਨ੍ਹਾ ਦੱਸਿਆ ਕਿ ਲਾਭਪਾਤਰੀ 60 ਸਾਲ ਦੀ ਉਮਰ ਤੋਂ ਬਾਅਦ ਬੋਰਡ ਵੱਲੋਂ ਪੈਨਸ਼ਨ ਲੈਣ ਦਾ ਹੱਕਦਾਰ ਵੀ ਬਣ ਜਾਂਦਾ ਹੈ ਰਜਿਸਟਰਡ ਲਾਭਪਾਤਰੀ ਨੇੜੇ ਦੇ ਸੇਵਾ ਕੇਂਦਰ ਵਿੱਚ ਜਾ ਕੇ ਵੱਖ-ਵੱਖ ਭਲਾਈ ਸਕੀਮਾਂ ਅਧੀਨ ਅਪਲਾਈ ਕਰ ਸਕਦਾ ਹੈ ਬੋਰਡ ਅਧੀਨ ਲਾਭਪਾਤਰੀ ਰਜਿਸਟ੍ਰੇਸ਼ਨ ਅਤੇ ਸਕੀਮਾਂ ਲਈ ਅਪਲਾਈ ਕਰਨ ਦੀ ਸਾਰੀ ਪ੍ਰਕਿਰਿਆ ਸੇਵਾ ਕੇਂਦਰ ਵਿਖੇ ਆਨ-ਲਾਈਨ ਮਾਧਿਅਮ ਰਾਹੀਂ ਕੀਤੀ ਜਾਂਦੀ ਹੈ॥

# ਆਰ.ਕੇ ਆਰੀਆਂ ਕਾਲਜ ਨਵਾਂਸ਼ਹਿਰ ਵਿਖੇ ਕਰਵਾਏ ਕ੍ਰਿਕਟ ਟੂਰਨਾਮੈਂਟ ਵਿੱਚ ਜਲਵਾਹਾ ਨੇ ਸ਼ਿਰਕਤ ਕਰਕੇ ਨੌਜਵਾਨਾਂ ਨੂੰ ਦਿੱਤੀ ਹੱਲਾਸ਼ੇਰੀ



**ਸ਼ਹੀਦ ਭਗਤ ਸਿੰਘ ਨਗਰ/ਲੋਕ ਬਾਣੀ**

ਆਰ.ਕੇ ਆਰੀਆ ਕਾਲਜ ਨਵਾਂਸ਼ਹਿਰ ਦੀ ਗਰਾਊਂਡ ਵਿਖੇ ਨਵਾਂਸ਼ਹਿਰ ਦੇ ਨੌਜਵਾਨਾਂ ਵੱਲੋਂ ਇੱਕ ਵੱਡੇ ਪੱਧਰ ਦਾ ਕ੍ਰਿਕਟ ਟੂਰਨਾਮੈਂਟ ਕਰਵਾਇਆ ਗਿਆ,ਇਸ ਟੂਰਨਾਮੈਂਟ ਵਿੱਚ ਵੱਖ ਵੱਖ ਸੂਬਿਆਂ ਦੇ ਖਿਡਾਰੀਆਂ ਵੱਲੋਂ ਹਿੱਸਾ ਲਿਆ ਗਿਆ ਇਸ ਮੌਕੇ ਆਮ ਆਦਮੀ ਪਾਰਟੀ ਪੰਜਾਬ ਦੇ ਸੂਬਾ ਉੱਪ ਪ੍ਰਧਾਨ ਅਤੇ ਪੰਜਾਬ ਦੇ ਬੁਲਾਰੇ ਸਤਨਾਮ ਸਿੰਘ ਜਲਵਾਹਾ ਵੱਲੋਂ ਬਤੌਰ ਮੁੱਖ ਮਹਿਮਾਨ ਵਜੋਂ ਸ਼ਿਰਕਤ ਕੀਤੀ ਗਈ ਅਤੇ ਟੂਰਨਾਮੈਂਟ ਵਿੱਚ ਪਹੁੰਚੇ ਵੱਖ ਵੱਖ ਸੂਬਿਆਂ ਦੇ ਖਿਡਾਰੀਆਂ ਨਾਲ ਮੁਲਾਕਾਤ ਕੀਤੀ ਅਤੇ ਉਨ੍ਹਾਂ ਨੂੰ ਹੱਲਾਸ਼ੇਰੀ ਦਿੰਦਿਆਂ ਜਲਵਾਹਾ ਨੇ ਟੂਰਨਾਮੈਂਟ ਕਰਵਾਉਣ ਵਾਲੇ ਨੌਜਵਾਨਾਂ ਨੂੰ ਇਸ ਨੇਕ ਉਪਰਾਲੇ ਲਈ ਵਧਾਈ ਦਿੱਤੀ ਅਤੇ ਅੱਗੇ ਤੋਂ ਇਸ ਕ੍ਰਿਕਟ ਟੂਰਨਾਮੈਂਟ ਨੂੰ ਹੋਰ ਵੀ ਵੱਡੇ ਪੱਧਰ ਉੱਤੇ ਕਰਵਾਉਣ ਲਈ ਪੂਰਨ ਸਹਿਯੋਗ ਕਰਨ ਦਾ ਭਰੋਸਾ ਦਿਵਾਇਆ ਇਸ ਮੌਕੇ ਜਲਵਾਹਾ ਵੱਲੋਂ ਹਾਜ਼ਰ ਖਿਡਾਰੀਆਂ ਅਤੇ ਦਰਸ਼ਕਾਂ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਪੰਜਾਬ ਦੇ ਨੌਜਵਾਨਾਂ ਨੂੰ ਨਸ਼ਿਆਂ ਤੋਂ ਬਚਾਉਣ ਲਈ ਮਾਨ ਸਰਕਾਰ ਵੱਲੋਂ ਨੌਜਵਾਨਾਂ ਨੂੰ ਖੇਡਾਂ ਪ੍ਰਤੀ ਉਤਸ਼ਾਹਿਤ ਕਰਨ ਲਈ ਹਰ ਜ਼ਿਲ੍ਹੇ ਪੱਧਰ ਉੱਤੇ ਖੇਡ ਅਕੈਡਮੀਆਂ ਸਥਾਪਤ ਕੀਤੀਆਂ ਜਾ ਰਹੀਆਂ ਹਨ ਅਤੇ ਆਉਣ ਵਾਲੇ ਦਿਨਾਂ ਵਿੱਚ ਜ਼ਿਲ੍ਹਾ ਸ਼ਹੀਦ ਭਗਤ ਸਿੰਘ ਨਗਰ ਵਿੱਚ ਵੀ ਨੌਜਵਾਨਾਂ ਨੂੰ ਖੇਡਾਂ ਵੱਲ ਪ੍ਰੇਰਿਤ ਕਰਨ ਲਈ ਖੇਡ ਅਕੈਡਮੀ ਸਥਾਪਤ ਕੀਤੀ ਜਾਵੇਗੀ ਜਲਵਾਹਾ ਨੇ ਟੂਰਨਾਮੈਂਟ ਕਰਵਾਉਣ ਵਾਲੇ ਪ੍ਰਬੰਧਕਾਂ ਦਾ ਵੱਲੋਂ ਕੀਤੇ ਵਧੀਆ ਪ੍ਰਬੰਧਾਂ ਲਈ ਉਨ੍ਹਾਂ ਨੂੰ ਵਧਾਈ ਦਿੱਤੀ ਅਤੇ ਨਵਾਂਸ਼ਹਿਰ ਦੇ ਨੌਜਵਾਨ ਕਸ਼ਿਸ਼ ਖੰਨਾ ਅਤੇ ਨਿਖਿਲ ਦੀ ਹੌਸਲਾ ਅਫ਼ਜਾਈ ਕਰਦਿਆਂ ਗਰਾਊਂਡ ਵਿੱਚ ਪਹੁੰਚ ਕੇ ਸਾਰੇ ਖਿਡਾਰੀਆਂ ਨਾਲ ਮੁਲਾਕਾਤ ਕੀਤੀ ਅਤੇ ਟੂਰਨਾਮੈਂਟ ਦੀ ਸ਼ੁਰੂਆਤ ਕਰਵਾਈ ਗਈ ਇਸ ਮੌਕੇ ਕ੍ਰਿਕਟ ਟੂਰਨਾਮੈਂਟ ਕਰਵਾ ਰਹੇ ਪ੍ਰਬੰਧਕਾਂ ਵੱਲੋਂ ਆਪ ਦੇ ਸੂਬਾ ਆਗੂ ਸਤਨਾਮ ਸਿੰਘ ਜਲਵਾਹਾ ਨੂੰ ਵਿਸ਼ੇਸ਼ ਤੌਰ ਉਤੇ ਸਨਮਾਨਿਤ ਕੀਤਾ ਗਿਆ ਅਤੇ ਉਨ੍ਹਾਂ ਤੋਂ ਇਲਾਵਾ ਕਿਸਾਨ ਵਿੰਗ ਦੇ ਜ਼ਿਲ੍ਹਾ ਪ੍ਰਧਾਨ ਸੁਰਿੰਦਰ ਸਿੰਘ ਸੰਘਾ,ਟ੍ਰੇਡ ਵਿੰਗ ਦੇ ਜ਼ਿਲ੍ਹਾ ਪ੍ਰਧਾਨ ਰਕੇਸ਼ ਕੁਮਾਰ ਚੈਂਬਰ, ਰਿਟਾਇਡ ਏਐਸਆਈ ਮਲਕੀਤ ਸਿੰਘ, ਸ ਜਸਵਿੰਦਰ ਸਿੰਘ ਨਵਾਂਸ਼ਹਿਰ, ਅਸ਼ੋਕ ਕੁਮਾਰ ਨਵਾਂਸ਼ਹਿਰ, ਸੁਨੀਲ ਕੁਮਾਰ ਨਵਾਂਸ਼ਹਿਰ ਆਦਿ ਸਾਥੀ ਹਾਜ਼ਰ ਸਨ।

# ਜ਼ਿਲ੍ਹੇ ਅੰਦਰ ਅਤੇ ਜ਼ਿਲ੍ਹੇ ਤੋਂ ਬਾਹਰ ਬੈਠੇ ਗੁਰਦਾਸਪੁਰ ਦੇ ਵਾਸੀ ਆਨ-ਲਾਈਨ ਜ਼ੂਮ ਐਪ ਰਾਹੀਂ ਆਪਣੀਆਂ ਮੁਸ਼ਕਿਲਾਂ ਕਰਵਾ ਰਹੇ ਨੇ ਹੱਲ

**ਗੁਰਦਾਸਪੁਰ/ਨਵਨੀਤ ਕੁਮਾਰ**

ਡਿਪਟੀ ਕਮਿਸ਼ਨਰ ਗੁਰਦਾਸਪੁਰ ਜਨਾਬ ਮੁਹੰਮਦ ਇਸ਼ਫਾਕ ਵਲੋਂ ਲੋਕਾਂ ਨੂੰ ਆਪਣੇ ਘਰਾਂ ਤੋਂ ਮੁਸ਼ਕਿਲਾਂ ਹੱਲ ਕਰਵਾਉਣ ਲਈ ਮੁਹੱਈਆ ਕਰਵਾਏ ਗਏ ਆਨ ਲਾਈਨ ਜ਼ੂਮ ਮੀਟਿੰਗ ਦਾ ਫਾਇਦਾ ਨਾ ਕੇਵਲ ਜ਼ਿਲੇ ਅੰਦਰ ਰਹਿ ਰਹੇ ਲੋਕ ਬਲਕਿ ਜ਼ਿਲ੍ਹੇ ਤੋਂ ਬਾਹਰ ਵੱਸ ਰਹੇ ਲੋਕ ਵੀ ਆਪਣੀਆਂ ਮੁਸ਼ਕਿਲਾਂ ਹੱਲ ਕਰਵਾ ਰਹੇ ਹਨ।

ਅੱਜ ਆਨ-ਲਾਈਨ ਜ਼ੂਮ ਮੀਟਿੰਗ ਵਿਚ ਚੰਡੀਗੜ੍ਹ ਵਿਚ ਰਹਿ ਰਹੀ ਉਮਰਪੁਰਾ (ਬਟਾਲਾ) ਦੀ ਵਸਨੀਕ ਅਤੇ ਰੋਪੜ ਵਿਚ ਰਹਿ ਰਹੇ ਗੁਰਦਾਸਪੁਰ ਜ਼ਿਲੇ ਦੇ ਪਿੰਡ ਜੀਓ ਜੁਲਾਈ ਦੇ ਵਸਨੀਕ ਵਲੋਂ ਆਪਣੀ ਜ਼ਮੀਨ ਦੇ ਸਬੰਧ ਵਿਚ ਮੁਸ਼ਕਿਲ ਡਿਪਟੀ ਕਮਿਸ਼ਨਰ ਦੇ ਧਿਆਨ ਵਿਚ ਲਿਆਂਦੀ ਗਈ, ਜਿਸ ਸਬੰਧੀ ਡਿਪਟੀ ਕਮਿਸ਼ਨਰ ਵਲੋਂ ਸਬੰਧਤ ਅਧਿਕਾਰੀਆਂ ਨੂੰ ਹੱਲ ਕਰਨ ਦੇ ਨਿਰਦੇਸ਼ ਦਿੱਤੇ ਗਏ ਇਸੇ ਤਰਾਂ ਜ਼ੂਮ ਮੀਟਿੰਗ ਵਿਚ ਸ਼ਿਰਕਤ ਕਰਦਿਆਂ ਕਣਕ ਦੀ ਢੋਆ-ਢੁਆਈ ਲਈ ਕਿਰਾਇਆ ਨਾ ਮਿਲਣ ਸਬੰਧੀ, ਰਸਤੇ ਸਬੰਧੀ, ਘਰ ਅੱਗੇ ਗਲੀ ਨਾ ਬਣਾਉਣ ਬਾਰੇ, ਪੰਡ ਸਰਵਾਲੀ ਨੇੜੇ ਬਟਾਲਾ ਵਿਖੇ ਬਿਨਾਂ ਪਰਮਿਸ਼ਨ ਦੇ ਪਾਣੀ ਵਾਲੀ ਫੈਕਟਰੀ ਲਗਾਉਣ ਅਤੇ ਜ਼ਮੀਨ ਦੀ ਨਿਸ਼ਾਨਦੇਹੀ ਨਾ ਕਰਨ ਸਬੰਧੀ ਆਦਿ ਸਮੱਸਿਆਵਾਂ ਦੱਸੀਆਂ ਗਈਆਂ, ਜਿਨਾਂ ਨੂੰ ਸੁਣਨ ਉਪਰੰਤ ਡਿਪਟੀ ਕਮਿਸ਼ਨਰ ਵਲੋਂ ਸਬੰਧਤ ਅਧਿਕਾਰੀਆਂ ਨੂੰ ਮੁਸ਼ਕਿਲਾਂ ਹੱਲ ਕਰਨ ਲਈ ਸਮਾਂਬੱਧ ਕੀਤਾ ਗਿਆ॥

ਇਸ ਮੌਕੇ ਦਫਤਰ ਡਿਪਟੀ ਕਮਿਸ਼ਨਰ ਪਬਲਿਕ ਵਿਜ਼ਟਰ ਰੂਮ ਵਿਖੇ ਪਹੁੰਚੇ ਲੋਕਾਂ ਵਲੋਂ ਪਟਵਾਰੀ ਦੀ ਘਾਟ ਕਾਰਨ ਪੇਸ਼ ਆ ਰਹੀਆਂ ਮੁਸ਼ਕਿਲਾਂ ਸਬੰਧੀ, ਗੁਰਦਾਸਪੁਰ ਸ਼ਹਿਰ ਅੰਦਰ ਤਿੱਬੜੀ ਰੋਡ ਤੇ ਬਣ ਰਹੇ ਅੰਡਰ ਬ੍ਰਿਜ ਦੇ ਨਿਰਮਾਣ ਕਾਰਜ ਢਿੱਲੀ ਰਫਤਾਰ ਨਾਲ ਹੋਣ ਕਰਕੇ ਲੋਕਾਂ ਨੂੰ ਆਵਾਜਾਈ ਦੌਰਾਨ ਮੁਸ਼ਕਿਲ ਆਉਣ ਬਾਰੇ ਤੇ ਗਲੀਆਂ ਦੇ ਨਿਰਮਾਣ ਆਦਿ ਸਬੰਧੀ ਮੁਸ਼ਕਿਲਾਂ ਦੱਸੀਆਂ ਗਈਆਂ, ਜਿਨਾਂ ਨੂੰ ਹੱਲ ਕਰਨ ਲਈ ਡਿਪਟੀ ਕਮਿਸ਼ਨਰ ਵਲੋਂ ਸਬੰਧਤ ਵਿਭਾਗਾਂ ਨੂੰ ਆਦੇਸ਼ ਦਿੱਤੇ ਗਏ।

ਇਸ ਮੌਕੇ ਗੱਲ ਕਰਦਿਆ ਡਿਪਟੀ ਕਮਿਸ਼ਨਰ ਨੇ ਦੱਸਿਆ ਕਿ ਜ਼ੂਮ ਮੀਟਿੰਗ ਸ਼ੁਰੂ ਕਰਨ ਦਾ ਮੁੱਖ ਮੰਤਵ ਵੀ ਇਹੀ ਹੈ ਕਿ ਲੋਕ ਘਰੋਂ ਹੀ ਜਾਂ ਆਪਣੇ ਨੇੜਲੇ ਕਿਸੇ ਵੀ ਦਫਤਰ ਜਾ ਕੇ ਆਪਣੀ ਮੁਸ਼ਕਿਲ ਡਿਪਟੀ ਕਮਿਸ਼ਨਰ ਦੇ ਧਿਆਨ ਵਿਚ ਲਿਆ ਸਕਦੇ ਹਨ ਉਨਾਂ ਦੱਸਿਆ ਕਿ ਆਨਲਾਈਨ ਜ਼ੂਮ ਮੀਟਿੰਗ ਤੋਂ ਇਲਾਵਾ ਜ਼ਿਲਾ ਵਾਸੀ 62393-01830 ਵਟਸਐਪ ਨੰਬਰ 'ਤੇ ਵੀ ਆਪਣੀ ਸ਼ਿਕਾਇਤ ਜਾਂ ਮੁਸ਼ਕਿਲ ਭੇਜ ਸਕਦੇ ਹਨ।

ਦੱਸਣਯੋਗ ਹੈ ਕਿ ਜ਼ਿਲਾ ਵਾਸੀ ਆਪਣੀ ਮੁਸ਼ਕਿਲ ਦੱਸਣੀ ਚਾਹੁੰਦਾ ਹੋਵੇ ਤਾਂ ਉਹ ਰੋਜ਼ਾਨਾਂ ( ਸੋਮਵਾਰ ਤੋਂ ਸ਼ੁੱਕਰਵਾਰ-ਵਰਕਿੰਗ ਡੇਅ ਵਾਲੇ ਦਿਨ) ਸਵੇਰੇ 11 ਵਜੇ ਤੋਂ ਦੁਪਹਿਰ 12 ਵਜੇ ਦਰਮਿਆਨ ਜ਼ੂਮ ਮੀਟਿੰਗ ਜ਼ਰੀਏ ਯੂਜਰ ਆਈ.ਡੀ 96469-76098 ਅਤੇ ਪਾਸਵਰਡ 22 ਲਗਾ ਕੇ, ਡਿਪਟੀ ਕਮਿਸ਼ਨਰ ਨਾਲ ਗੱਲ ਕਰ ਸਕਦੇ ਹਨ ਇਸ ਤੋਂ ਇਲਾਵਾ ਲੋਕਾਂ ਦੀ ਸਹੂਲਤ ਨੂੰ ਮੁੱਖ ਰੱਖਦਿਆਂ ਜਿਲੇ ਦੀਆਂ ਸਾਰੀਆਂ ਤਹਿਸੀਲਾਂ, ਸਬ ਤਹਿਸੀਲਾਂ, ਸਮੂਹ ਕਾਰਜ ਸਾਧਕ ਨਗਰ ਕੌਂਸਲਾਂ, ਕਾਰਪੋਰੇਸ਼ਨ ਬਟਾਲਾ, ਸਮੂਹ ਬੀਡੀਪੀਓ, ਸੀਡੀਪੀਓ ਅਤੇ ਜਨਰਲ ਮੈਨੇਜਰ ਇੰਡਸਟਰੀ (ਜੀਐਮ-ਡੀਆਈ.ਸੀ) ਬਟਾਲਾ ਦੇ ਦਫਤਰਾਂ ਵਿਚ ਵੀ ਡਿਪਟੀ ਕਮਿਸ਼ਨਰ ਨਾਲ ਜ਼ੂਮ ਮੀਟਿੰਗ ਕਰਵਾਉਣ ਦੀ ਸਹੂਲਤ ਉਪਲੱਬਧ ਕਰਵਾਈ ਗਈ ਹੈ ਲੋਕ ਆਪਣੇ ਨੇੜਲੇ ਉਪਰੋਕਤ ਕਿਸੇ ਵੀ ਦਫਤਰ ਵਿਚ ਜਾ ਕੇ ਆਪਣੀ ਮੁਸ਼ਕਿਲ, ਡਿਪਟੀ ਕਮਿਸ਼ਨਰ ਦੇ ਧਿਆਨ ਵਿਚ ਲਿਆ ਸਕਦੇ ਹਨ, ਜਿਸ ਨੂੰ ਸਬੰਧਤ ਵਿਭਾਗ ਰਾਹੀਂ ਹੱਲ ਕਰਵਾਇਆ ਜਾਂਦਾ ਹੈ।

# ਸਕੂਲ ਛੱਡ ਚੁੱਕੇ ਬੱਚਿਆਂ ਨੂੰ ਮੁੜ ਸਿਖਿਆ ਨਾਲ ਜੋੜੇਗੀ 'ਵਿਦਿਆ ਪ੍ਰਕਾਸ਼-ਸਕੂਲ ਵਾਪਸੀ ਦਾ ਆਗਾਜ਼'- ਡੀ ਸੀ ਰੰਧਾਵਾ

**ਸਹੀਦ ਭਗਤ ਸਿੰਘ ਨਗਰ/ਲੋਕ ਬਾਣੀ**

ਪੰਜਾਬ ਸਰਕਾਰ ਵੱਲੋਂ ਸਕੂਲ ਛੱਡ ਚੁੱਕੇ ਬੱਚਿਆ ਨੂੰ ਮੁੜ ਤੋ ਸਿੱਖਿਆ ਨਾਲ ਜੋੜਨ ਲਈ 'ਵਿਦਿਆ ਪ੍ਰਕਾਸ਼ - ਸਕੂਲ ਵਾਪਸੀ ਦਾ ਆਗਾਜ' ਪ੍ਰੋਗਰਾਮ ਆਰੰਭਿਆ ਜਾਵੇਗਾ, ਜਿਸ ਤਹਿਤ ਪੜ੍ਹਾਈ ਛੱਡ ਕੇ ਹੋਰਨਾਂ ਕੰਮਾਂ ਵਿੱਚ ਲੱਗ ਚੁੱਕੇ ਬੱਚਿਆਂ ਨੂੰ ਸਿਖਿਆ ਦਾ ਮੁਢਲਾ ਅਧਿਕਾਰ ਮੁਹੱਈਆ ਕਰਵਾਇਆ ਜਾਵੇਗਾ ਇਹ ਪ੍ਰਗਟਾਵਾ ਡਿਪਟੀ ਕਮਿਸ਼ਨਰ ਨਵਜੋਤ ਪਾਲ ਸਿੰਘ ਰੰਧਾਵਾ ਨੇ ਅੱਜ ਸਿਹਤ ਤੇ ਸਿਖਿਆ ਵਰਗੀਆਂ ਬੁਨਿਆਦੀ ਸਹੂਲਤਾਂ ਤੋ ਸੱਖਣੇ ਬੱਚਿਆਂ ਦੇ ਪੁਨਰਵਾਸ ਸਬੰਧੀ ਜ਼ਿਲ੍ਹਾ ਸ਼ਹੀਦ ਭਗਤ ਸਿੰਘ ਨਗਰ ਨਾਲ ਸਬੰਧਤ ਵਿਭਾਗਾਂ ਨਾਲ ਕੀਤੀ ਮੀਟਿੰਗ ਉਪਰੰਤ ਕੀਤਾ ਉਨ੍ਹਾਂ ਮਨਜੀਤ ਸਿੰਘ, ਜ਼ਿਲ੍ਹਾ ਪ੍ਰੋਗਰਾਮ ਅਫ਼ਸਰ ਅਤੇ ਸਮਾਜਿਕ ਸੁਰੱਖਿਆ ਅਤੇ ਇਸਤਰੀ ਤੇ ਬਾਲ ਵਿਕਾਸ ਵਿਭਾਗ ਨਾਲ ਸਬੰਧਤ ਹੋਰਨਾਂ ਅਧਿਕਾਰੀਆ ਨੂੰ ਹਦਾਇਤ ਕੀਤੀ ਕਿ ਅਜਿਹੇ ਬੱਚਿਆਂ ਦੀ ਪਹਿਚਾਣ ਅਤੇ ਪੁਨਰਵਾਸ ਕੀਤਾ ਜਾਵੇ ਜੋ ਪੜ੍ਹਾਈ ਦੀ ਉਮਰ ਵਿੱਚ ਸੜਕਾਂ 'ਤੇ



ਫਿਰਦੇ ਹਨ ਜਾਂ ਬਾਲ ਮਜ਼ਦੂਰੀ ਕਰਦੇ ਹਨ ਉਨ੍ਹਾਂ ਕਿਹਾ ਕਿ ਬੱਚਿਆਂ ਦੇ ਹੋ ਰਹੇ ਸੋਸ਼ਣ/ਜੁਰਮ, ਬਾਲ ਮਜ਼ਦੂਰੀ ਦੀ ਸ਼ਿਕਾਇਤ ਜਾਂ ਕੋਈ ਮੁਸੀਬਤ ਵਿੱਚ ਫਸਿਆ ਬੱਚਾ ਬਾਲ ਹੈਲਪਲਾਈਨ ਨੰ. 1098 'ਤੇ ਵੀ ਸੰਪਰਕ ਕਰਕੇ ਮਦਦ ਲੈ ਸਕਦਾ ਹੈ ਉਨ੍ਹਾਂ ਸਿਖਿਆ ਵਿਭਾਗ ਨੂੰ ਵੀ ਕਿਹਾ ਕਿ ਸਕੂਲਾਂ ਦੇ ਪੜ੍ਹਾਈ ਛੱਡ ਚੁੱਕੇ ਬੱਚਿਆ ਨੂੰ ਮੁੜ ਸਕੂਲਾਂ ਵਿੱਚ ਦਾਖਲ ਕੀਤਾ ਜਾਵੇ ਅਤੇ ਉਨ੍ਹਾਂ ਨੂੰ ਆਪਣੀ ਸਕੂਲੀ ਸਿਖਿਆ ਪੂਰੀ ਕਰਨ ਲਈ ਪ੍ਰੇਰਿਤ ਕੀਤਾ ਜਾਵੇ ਉਨ੍ਹਾਂ ਨੇ ਸਿਵਲ ਸਰਜਨ ਨੂੰ ਕਿਹਾ ਕਿ ਰਾਸ਼ਟਰੀ ਬਾਲ ਸੁਰੱਖਿਆ ਪ੍ਰੋਗਰਾਮ ਤਹਿਤ ਬੱਚਿਆ ਦੀ ਸਿਹਤ ਦੀ ਜਾਂਚ ਪ੍ਰਕ੍ਰਿਆ ਸਮੇਂ ਸਿਰ ਕੀਤੀ ਜਾਵੇ ਅਤੇ 'ਸਲਮ ਏਰੀਆ' (ਗਰੀਬ ਬਸਤੀਆਂ) ਵਿੱਚ ਸਮੇਂ-ਸਮੇਂ 'ਤੇ ਮੈਡੀਕਲ ਕੈਂਪ ਲਗਵਾਏ ਜਾਣ ਮੀਟਿੰਗ ਵਿੱਚ ਸ਼ਾਮਿਲ ਜ਼ਿਲ੍ਹਾ ਬਾਲ ਸੁਰੱਖਿਆ ਅਫ਼ਸਰ, ਕੰਚਨ ਅਰੋੜਾ ਵੱਲੋ ਦੱਸਿਆ ਗਿਆ ਕਿ ਸਰਕਾਰ ਵੱਲੋ ਪ੍ਰਾਪਤ ਹਦਾਇਤਾਂ ਅਨੁਸਾਰ ਬਾਲ ਮਜ਼ਦੂਰੀ ਖਿਲਾਫ਼ ਜਾਗਰੂਕਤਾ ਅਤੇ ਇਸ ਦੀ ਰੋਕਥਾਮ ਲਈ ਜੂਨ ਮਹੀਨੇ ਨੂੰ ਵਿਸ਼ੇਸ਼ ਮਾਹ ਵਜੋਂ ਮਨਾਇਆ ਜਾ ਰਿਹਾ ਹੈ ਡਿਪਟੀ ਕਮਿਸ਼ਨਰ ਰੰਧਾਵਾ ਨੇ ਜ਼ਿਲ੍ਹਾ ਬਾਲ ਸੁਰੱਖਿਆ ਯੂਨਿਟ ਨੂੰ ਬਾਲ ਮਜ਼ਦੂਰੀ ਵਿਰੋਧੀ ਜ਼ਿਲ੍ਹਾ ਟਾਸਕ ਫ਼ੋਰਸ ਨਾਲ ਮਿਲ ਕੇ ਜ਼ਿਲ੍ਹੇ ਵਿੱਚ ਇਸ ਸਬੰਧੀ ਅਚਨਚੇਤ ਨਿਰੀਖਣ ਕਰਕੇ, ਬਾਲ ਮਜ਼ਦੂਰ ਪਾਏ ਜਾਣ 'ਤੇ ਅਜਿਹੇ ਬੱਚਿਆਂ ਦੇ ਪੁਨਰਵਾਸ ਲਈ ਉਪਰਾਲੇ ਕਰਨ ਲਈ ਆਖਿਆ ਉਨ੍ਹਾਂ ਕਿਹਾ ਕਿ ਸਾਰੇ ਵਿਭਾਗ ਆਪਸੀ ਤਾਲਮੇਲ ਨਾਲ ਕੰਮ ਕਰਨ ਅਤੇ ਬੱਚਿਆਂ ਦੀ ਜੀਵਨ ਸ਼ੈਲੀ ਵਿੱਚ ਸੁਧਾਰ ਲਿਆਉਣ ਅਤੇ ਉਨ੍ਹਾਂ ਨੂੰ ਇਕ ਚੰਗਾ ਨਾਗਰਿਕ ਬਣਾਉਣ ਵਿੱਚ ਕਾਰਜਸ਼ੀਲ ਹੋਣ ਮੀਟਿੰਗ ਵਿੱਚ ਡਿਪਟੀ ਕਮਿਸ਼ਨਰ ਵੱਲੋ ਬਾਲ ਭਲਾਈ ਕਮੇਟੀ, ਜੁਵੇਨਾਈਲ ਜਸਟਿਸ ਬੋਰਡ ਅਤੇ ਜ਼ਿਲ੍ਹਾ ਬਾਲ ਸੁਰੱਖਿਆ ਯੂਨਿਟ ਦੀ ਕਾਰਗਜ਼ਾਰੀ ਦੀ ਤਿਮਾਹੀ ਆਧਾਰ 'ਤੇ ਸਮੀਖਿਆ ਵੀ ਕੀਤੀ ਗਈ।

ਰੋਜ਼ਾਨਾ ਲੋਕ ਬਾਣੀ

## ਉਰਦੂ ਕਲਾਸਾਂ 1 ਜੁਲਾਈ ਤੋਂ

**ਜਲੰਧਰ/ਸੰਜੇ ਰਾਜਪੂਤ**

ਭਾਸ਼ਾ ਵਿਭਾਗ ਵੱਲੋਂ ਉਰਦੂ ਭਾਸ਼ਾ ਸਿੱਖਣ ਦੇ ਚਾਹਵਾਨ ਲੋਕਾਂ ਲਈ 1 ਜੁਲਾਈ, 2022 ਤੋਂ ਉਰਦੂ ਕਲਾਸਾਂ ਦੀ ਸ਼ੁਰੂਆਤ ਕੀਤੀ ਜਾ ਰਹੀ ਹੈ॥ ਇਸ ਸਬੰਧੀ ਜਾਣਕਾਰੀ ਦਿੰਦਿਆਂ ਭਾਸ਼ਾ ਵਿਭਾਗ ਦੇ ਅਧਿਕਾਰੀ ਨੇ ਦੱਸਿਆ ਕਿ ਉਰਦੂ ਕਲਾਸਾਂ ਮੁਫ਼ਤ ਲਾਈਆਂ ਜਾਣਗੀਆਂ ਅਤੇ ਇਹ ਛੇ ਮਹੀਨੇ ਦਾ ਕੋਰਸ ਹੋਵੇਗਾ ਉਨ੍ਹਾਂ ਦੱਸਿਆ ਕਿ ਕਲਾਸਾਂ ਦਾ ਸਮਾਂ ਸ਼ਾਮ 4 ਤੋਂ 5 ਵਜੇ ਤੱਕ ਹੋਵੇਗਾ॥ ਉਨ੍ਹਾਂ ਅੱਗੇ ਦੱਸਿਆ ਕਿ ਜ਼ਿਲ੍ਹਾ ਜਲੰਧਰ ਨਾਲ ਸਬੰਧਤ ਚਾਹਵਾਨ ਲੋਕ ਜ਼ਿਲ੍ਹਾ ਪ੍ਰਬੰਧਕੀ ਕੰਪਲੈਕਸ ਸਥਿਤ ਭਾਸ਼ਾ ਵਿਭਾਗ ਦੇ ਦਫ਼ਤਰ, ਕਮਰਾ ਨੰਬਰ-216 ਤੋਂ ਦਾਖ਼ਲਾ ਫਾਰਮ ਪ੍ਰਾਪਤ ਕਰ ਸਕਦੇ ਹਨ ਅਤੇ 30 ਜੂਨ, 2022 ਤੱਕ ਫਾਰਮ ਜਮ੍ਹਾ ਕਰਵਾ ਸਕਦੇ ਹਨ।

# ਮਜਦੂਰਾਂ ਅਤੇ ਕਿਸਾਨਾਂ ਵਲੋਂ ਅਗਨੀਪੱਥ ਯੋਜਨਾ ਦਾ ਵਿਰੋਧ



## • ਕੁੱਲ ਹਿੰਦ ਕਿਸਾਨ ਮਜਦੂਰ ਸਭਾ ਦੇ ਕੌਮੀ ਜਨਰਲ ਸਕੱਤਰ ਅਸ਼ੀਸ਼ ਮਿੱਤਲ ਤੇ ਦਰਜ ਪੁਲਸ ਕੇਸ ਰੱਦ ਕਰਨ ਦੀ ਕੀਤੀ ਮੰਗ

**ਸਹੀਦ ਭਗਤ ਸਿੰਘ ਨਗਰ/ਲੋਕ ਬਾਣੀ**

ਕਿਰਤੀ ਕਿਸਾਨ ਯੂਨੀਅਨ ਅਤੇ ਪੇਂਡੂ ਮਜਦੂਰ ਯੂਨੀਅਨ ਵਲੋਂ ਡਿਪਟੀ ਕਮਿਸ਼ਨਰ ਸ਼ਹੀਦ ਭਗਤ ਸਿੰਘ ਨਗਰ ਰਾਹੀਂ ਰਾਸ਼ਟਰਪਤੀ ਭਾਰਤ ਸਰਕਾਰ ਅਤੇ ਉੱਤਰ ਪ੍ਰਦੇਸ਼ ਦੇ ਗਵਰਨਰ ਦੇ ਨਾਂਅ ਮੰਗ ਪੱਤਰ ਦਿੱਤੇ ਗਏ ਰਾਸ਼ਟਰਪਤੀ ਦੇ ਨਾਂਅ ਦਿੱਤੇ ਗਏ ਮੰਗ ਪੱਤਰ ਰਾਹੀਂ @ ਅਗਨੀਪੱਥ ਯੋਜਨਾ @ਨੂੰ ਵਾਪਸ ਲੈਣ ਦੀ ਮੰਗ ਕੀਤੀ ਗਈ ਮੰਗ ਪੱਤਰ ਵਿਚ ਕਿਹਾ ਗਿਆ ਕਿ ਇਸ ਯੋਜਨਾ ਨਾਲ ਉਹਨਾਂ ਨੌਜਵਾਨਾਂ ਦੀਆਂ ਉਮੀਦਾਂ ਉੱਤੇ ਪਾਣੀ ਫਿਰ ਜਾਵੇਗਾ ਜੋ ਤਿੰਨਾਂ ਸੈਨਾਵਾਂ ਵਿਚ ਭਰਤੀ ਹੋਣ ਦੀ ਤਿਆਰੀ ਕਰਦੇ ਆ ਰਹੇ ਹਨ ਉੱਤਰ ਪ੍ਰਦੇਸ਼ ਦੇ ਗਵਰਨਰ ਦੇ ਨਾਂਅ ਦਿੱਤੇ ਗਏ ਮੰਗ ਪੱਤਰ ਵਿਚ ਕਿਹਾ ਗਿਆ ਹੈ ਕਿ ਉੱਤਰ ਪ੍ਰਦੇਸ਼ ਦੀ ਪੁਲਸ ਵਲੋਂ ਕੁੱਲ ਹਿੰਦ ਕਿਸਾਨ ਮਜਦੂਰ ਸਭਾ ਦੇ ਕੌਮੀ ਜਨਰਲ ਸਕੱਤਰ ਅਸ਼ੀਸ਼ ਮਿੱਤਲ ਵਿਰੁੱਧ ਦਰਜ ਕੀਤਾ ਗਿਆ ਪੁਲਸ ਕੇਸ ਰੱਦ ਕੀਤਾ ਜਾਵੇ ਜਥੇਬੰਦੀਆਂ ਦੇ ਆਗੂਆਂ ਸੁਰਿੰਦਰ ਸਿੰਘ ਬੈਂਸ, ਭੁਪਿੰਦਰ ਸਿੰਘ ਵੜੈਚ, ਹਰੀ ਰਾਮ ਰਸੂਲਪੁਰੀ ਅਤੇ ਕਮਲਜੀਤ ਸਨਾਵਾ ਨੇ ਕਿਹਾ ਉੱਤਰ ਪ੍ਰਦੇਸ਼ ਦੀ ਅਦਿੱਤਿਆ ਨਾਥ ਯੋਗੀ ਦੀ ਅਗਵਾਈ ਵਾਲੀ ਭਾਜਪਾ ਸਰਕਾਰ ਨੇ 11 ਜੂਨ 2022 ਨੂੰ ਅਸ਼ੀਸ਼ ਮਿੱਤਲ ਸਮੇਤ 70 ਵਿਅਕਤੀਆਂ ਉੱਤੇ ਬਾਈ ਨੇਮ ਅਤੇ 5 ਹਜਾਰ ਅਣਪਛਾਤਿਆਂ ਵਿਰੁੱਧ ਥਾਣਾ ਖੁਲਦਾਬਾਦ ਜਿਲਾ ਪ੍ਰਯਾਗਰਾਜ ਵਿਖੇ ਕੇਸ ਦਰਜ ਕੀਤਾ ਗਿਆ ਹੈ ਆਗੂਆਂ ਨੇ ਕਿਹਾ ਕਿ 10 ਜੂਨ ਨੂੰ ਅਸ਼ੀਸ਼ ਮਿੱਤਲ ਸਵੇਰੇ 10 ਵਜੇ ਤੋਂ ਲੈਕੇ ਬਾਅਦ ਦੁਪਹਿਰ 2 ਵਜੇ ਤੱਕ ਅਲਾਹਾਬਾਦ ਦੀ ਇਕ ਅਦਾਲਤ ਵਿਚ ਹਾਜਰ ਸੀ ਯੋਗੀ ਸਰਕਾਰ ਨੇ ਅਸ਼ੀਸ਼ ਮਿੱਤਲ ਉੱਤੇ ਮਨਘੜ੍ਹਤ ਕੇਸ ਦਰਜ ਕੀਤਾ ਹੈ ਅਸਲ ਵਿਚ ਅਸ਼ੀਸ਼ ਮਿੱਤਲ ਦੀ ਭੂਮਿਕਾ ਮੋਦੀ ਸਰਕਾਰ ਦੇ ਤਿੰਨ ਖੇਤੀ ਕਾਨੂੰਨਾਂ ਵਿਰੁੱਧ ਚੱਲੇ ਕਿਸਾਨੀ ਘੋਲ ਵਿਚ ਅਹਿਮ ਭੂਮਿਕਾ ਸੀ ਇਸ ਲਈ ਭਾਜਪਾ ਸਰਕਾਰ ਉਸਨੂੰ ਇਸ ਕੇਸ ਵਿਚ ਫਸਾ ਰਹੀ ਹੈ ਜਿਸ ਕਾਰਨ ਦੇਸ਼ ਦੇ ਕਿਸਾਨਾਂ ਅਤੇ ਮਜਦੂਰਾਂ ਵਿਚ ਭਾਰੀ ਗੁੱਸਾ ਹੈ ਇਸ ਮੌਕੇ ਮੱਖਣ ਸਿੰਘ ਭਾਨਮਜਾਰਾ, ਸੁਰਿੰਦਰ ਸਿੰਘ ਮਹਿਰਮ ਪੁਰ, ਸੁਰਜੀਤ ਕੌਰ ਉਟਾਲ,ਗੁਰਬਖਸ਼ ਕੌਰ ਸੰਘਾ, ਪਰਮਜੀਤ ਸਿੰਘ ਸ਼ਹਾਬ ਪੁਰ,ਰਘਵੀਰ ਸਿੰਘ ਅਸਮਾਨ ਪੁਰ, ਮੇਜਰ ਸਿੰਘ ਅਸਮਾਨ ਪੁਰ,ਸੁੱਚਾ ਸਿੰਘ ਬੈਂਸ, ਉਂਕਾਰ ਸਿੰਘ, ਬਲਜਿੰਦਰ ਕੌਰ ਆਗੂ ਵੀ ਮੌਜੂਦ ਸਨ।

# ਸਮੁੱਚੇ ਸੰਸਾਰ ਅੰਦਰ ਰੋਜ਼ ਲੱਖਾਂ ਜੀਅ ਜੰਮਦੇ ਮਰਦੇ ਹਨ ਵਿਰਲੇ ਹੀ ਹੁੰਦੇ ਹਨ ਜੋ ਸਹੀ ਅਰਥਾਂ ਵਿੱਚ ਯਾਦ ਕੀਤੇ ਜਾਂਦੇ ਹਨ ਡਾ ਹਰਬੰਸ ਕੋਰ ਇਕ ਲਾਸਾਨੀ ਹਸਤੀ ਸਨ

**ਸਹੀਦ ਭਗਤ ਸਿੰਘ ਨਗਰ/ਲੋਕ ਬਾਣੀ**



ਦੇਸ਼ ਵੰਡ ਉਪਰੰਤ ਹਿੰਦੁਸਤਾਨ ਆ ਗਈ ,ਸੀ ਐਮ ਸੀ ਲੁਧਿਆਣਾ ਤੋਂ ਐਲ ਐਸ ਐਮ ਐਫ ,ਗਾਇਨੀ ਦੀ ਡਿਗਰੀ ਉਪਰੰਤ ਸਰਕਾਰੀ ਨੌਕਰੀ ਕੀਤੀ ਡਾ ਗੁਰਬਖਸ਼ ਸਿੰਘ ਨਾਲ ਵਿਆਹ ਹੋਇਆਂ ਤਿੰਨ ਬੱਚਿਆ ਨੇ ਇਹਨਾ ਦੇ ਸੰਜੋਗ ਵਿੱਚੋਂ ਜਨਮ ਲਿਆ,ਪਰਿਵਾਰ ਵਿਛੋੜਾ ਤੇ ਡਾ ਹਰਬੰਸ ਕੋਰ ਦਾ ਸੰਘਰਸ਼ਮਈ ਜੀਵਨ ਸਖ਼ਤ ਮਿਹਨਤ ਲਗਨ,ਸਾਦਾ ਜੀਵਨ,ਸਮਾਜ ਸੇਵਾ ਦੇ ਕਾਰਜ,ਹਰਬੰਸ ਹਸਪਤਾਲ ਦੀ ਸਥਾਪਨਾ,92 ਸਾਲ ਦੀ ਭਰਪੂਰ ਜ਼ਿੰਦਗੀ ਜੀਅ ਕੇ ਬੀਤੇ ਦਿਨੀਂ ਉਹ ਸਾਥੋਂ ਵਿਦਾ ਹੋਏ ਉਹਨਾਂ ਦੇ ਸਪੁੱਤਰ ਸਰਜਨ ਡਾ ਵਰਿੰਦਰ ਸਿੰਘ ਨੇ ਕਿਹਾ ਸਮਾਜ ਦੇ ਹਰ ਵਰਗ ਦੇ ਲੋਕ ਉਹਨਾਂ ਦਾ ਅਫ਼ਸੋਸ ਕਰਨ ਆ ਰਹੇ ਹਨ ਸ੍ਰੀਮਤੀ ਗੁਰਇਕਬਾਲ ਕੌਰ ਜੀ ਬੱਬਲੀ ਸਾਬਕਾ ਐਮ ਐਲ ਏ ਪਰਮ ਸਿੰਘ ਖਾਲਸਾ,ਸਮਾਜ ਸੇਵੀ ਹਸਤੀ,ਡਾ ਰਾਕੇਸ਼ ਚੋਪੜਾਅਨਿਲ ਜੈਨ,ਭੂਪਿੰਦਰ ਸਿੰਘ ਗਾਂਧੀ,ਚੇਤ ਰਾਮ ਰਤਨ,ਦੀਦਾਰ ਸਿੰਘ ਸ਼ੇਤਰਾ,ਡਾ ਐਮ ਕੇ ਅਗਰਵਾਲ,ਹਰ ਕਿਸੇ ਨੇ ਕਿਹਾ ਨਵਾਂ ਸ਼ਹਿਰ ਦੀ ਅਹਿਮ ਹਸਤੀ ਸਨ ਉਹ ਉਹਨਾਂ ਨੇ ਨਵਾਂ ਸ਼ਹਿਰ ਦੀ ਬੇਹਤਰੀ ਲਈ ਹਮੇਸ਼ਾ ਕਾਰਜ ਕੀਤੇ ਦਿਲਚਸਪ ਇਹ ਵੀ ਹੈ ਕਿ ਉਹ ਨਵਾਂ ਸ਼ਹਿਰ ਅੰਦਰ ਪਹਿਲੀ ਔਰਤ ਸੀ ਜੋ ਕਾਰ ਚਲਾਉਂਦੀ ਸੀ ਡਾ ਅਮਿੱਤ ਸੇਣੀ ਨੇ ਦੱਸਿਆ ਉਹਨਾਂ ਨਮਿਤ ਅੰਤਿਮ ਭੋਗ ਕੀਰਤਨ ਅਰਦਾਸ ਸ਼ਰਧਾਂਜਲੀ 26 ਜੂਨ ਦਿਨ ਐਤਵਾਰ ਨੂੰ ਗੁਰਦੁਆਰਾ ਸਿੰਘ ਸਭਾ ਚੰਡੀਗੜ੍ਹ ਰੋਡ ਨਵਾਂ ਸ਼ਹਿਰ ਵਿਖੇ ਦੋਪੈਹਰ 2 ਵਜੇ ਹੋਵੇਗੀ।

## ਹੀਰੋਇਨ ਤੇ ਮੋਬਾਇਲ ਫੋਨ ਸਮੇਤ ਦੋ ਦੋਸ਼ੀ ਕਾਬੂ

**ਜੰਡਿਆਲਾ ਗੁਰੂ/ਜਸਪਾਲ ਸ਼ਰਮਾ**



ਪੁਲਿਸ ਚੌਂਕੀ ਗਹਿਰੀ ਮੰਡੀ ਦੇ ਇੰਚਾਰਜ ਏਐਸਆਈ ਰਾਜਬੀਰ ਸਿੰਘ ਤੇ ਉਹਨਾਂ ਦੀ ਪੁਲਿਸ ਪਾਰਟੀ ਨੇ ਅਕਾਸ਼ਦੀਪ ਸਿੰਘ ਪਿੰਡ ਦੇਵੀਦਾਸ ਪੁਰਾ ਤੋਂ 15 ਗ੍ਰਾਮ ਹੈਰੋਇਨ ਸਮੇਤ ਗਿ?ਫ਼ਤਾਰ ਕਰ ਲਿਆ ਹੈ ਵਧੇਰੇ ਜਾਣਕਾਰੀ ਦਿੰਦਿਆਂ ਚੌਂਕੀ ਇੰਚਾਰਜ ਨੇ ਪੱਤਰਕਾਰਾਂ ਨੂੰ ਦੱਸਿਆ ਕਿ ਦੋਸ਼ੀ ਸੁਖਬੈਨ ਸਿੰਘ ਨੂੰ ਚੋਰੀ ਦੇ ਮੋਬਾਈਲਾਂ ਫੋਨ ਸਮੇਤ ਤੇ ਅਕਾਸ਼ਦੀਪ ਸਿੰਘ ਨੂੰ 15 ਗ੍ਰਾਮ ਹੈਰੋਇਨ ਸਮੇਤ ਗਿ?ਫ਼ਤਾਰ ਕਰਨ ਉਪਰੰਤ ਦੋਸ਼ੀਆਂ ਦਾ ਦੋ ਦਿਨਾ ਪੁਲਿਸ ਰਿਮਾਂਡ ਲੈ ਕੇ ਹੋਰ ਪੁੱਛ ਪੜਤਾਲ ਕੀਤੀ ਜਾ ਰਹੀ ਹੈ।

ਅਦਾਰਾ 'ਲੋਕ ਬਾਣੀ' ਵਿੱਚ ਛਾਪੀਆਂ ਜਾਂਦੀਆਂ ਖ਼ਬਰਾਂ, ਰਿਪੋਰਟਾਂ, ਲੇਖ, ਕਹਾਣੀਆਂ, ਕਵਿਤਾਵਾਂ ਅਤੇ ਹਰ ਕਿਸਮ ਦੇ ਇਸ਼ਤਿਹਾਰਾਂ ਵਿੱਚ ਦਿੱਤੀ ਗਈ ਸੂਚਨਾ, ਵਿਚਾਰ ਆਦਿ ਨਾਲ ਅਖ਼ਬਾਰ ਦੇ ਪ੍ਰਬੰਧਕਾਂ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ ਹੈ। ਇਸ ਅਖ਼ਬਾਰ ਵਿੱਚ ਛਪੇ ਇਸ਼ਤਿਹਾਰ (ਡਿਸਪਲੇ, ਕਲਾਸੀਫਾਈਡ) ਦੇ ਤੱਥਾਂ ਲਈ ਪ੍ਰਬੰਧਕ ਕੋਈ ਜ਼ਿੰਮੇਵਾਰੀ ਨਹੀਂ ਲੈਂਦੇ ਕਿਉਂਕਿ ਸਾਡਾ ਅਖ਼ਬਾਰ ਇਨ੍ਹਾਂ ਨੂੰ ਤਸਦੀਕ ਨਹੀਂ ਕਰਦਾ। ਪਾਠਕਾਂ/ਸ਼ੁੱਭ ਚਿੰਤਕਾਂ ਨੂੰ ਬੇਨਤੀ ਹੈ ਕਿ ਉਹ ਇਨ੍ਹਾਂ ਇਸ਼ਤਿਹਾਰਾਂ 'ਤੇ ਕੋਈ ਕਾਰਵਾਈ ਕਰਨ ਤੋਂ ਪਹਿਲਾਂ ਤੱਥਾਂ ਦੀ ਪੜਤਾਲ,ਪੁਸ਼ਟੀ ਕਰ ਲੈਣ। -ਸੰਪਾਦਕ

Daily Lok Bani (Punjabi) R.N.I. Punpun 29016,2008 Edior, Owner, Printer, Publisher, Amandeep Mehra Printed at Rachna Printers, Railway Road Jalandhar Place of Publication : 308 Sangam complex Milap Chowk, Jalandhar (India) , Contect No. : 0181-2211009, Fax : 2211009 , Email Id : lokbani08@gmail.com ,

# ਸਕੂਲ ਦੇ ਵਿਹੜੇ 'ਚ ਫਲਦਾਰ,ਛਾਂਦਾਰ, ਫੁੱਲਦਾਰ ਤੇ ਹੋਰ ਕਈ ਪ੍ਰਕਾਰ ਦੇ ਸਜਾਵਟੀ ਬੂਟੇ ਲਗਾਏ ਗਏ



**ਅੰਮ੍ਰਿਤਸਰ/ਰਾਜਾ ਕੋਟਲੀ**

ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਕੋਟਲੀ ਮੱਲੀਆ ਵਿਖੇ ਪ੍ਰਿੰਸੀਪਲ ਸ੍ਰ ਮੰਗਲ ਸਿੰਘ ਦੀ ਅਗਵਾਈ ਹੇਠ ਸਕੂਲ ਦੇ ਵਿਹੜੇ @ਚ ਫਲਦਾਰ,ਛਾਂਦਾਰ, ਫੁੱਲਦਾਰ ਤੇ ਹੋਰ ਕਈ ਪ੍ਰਕਾਰ ਦੇ ਸਜਾਵਟੀ ਬੂਟੇ ਲਗਾਏ ਗਏ ਇਸ ਮੌਕੇ ਜਸਬੀਰ ਸਿੰਘ ਗਿੱਲ, ਬਲਵਿੰਦਰ ਸਿੰਘ ਕਾਦਰਾਬਾਦ ਨੇ ਗੰਧਲੇ ਹੋ ਰਹੇ ਵਾਤਾਵਰਨ ਤੇ ਚਿੰਤਾਂ ਪ੍ਰਗਟ ਕਰਦਿਆ ਕਿਹਾ ਕਿ ਉਦਯੋਗੀਕਰਣ ਯੁੱਗ @ਚ ਲੋਹਾ ਫੈਕਟਰੀਆਂ ਅਤੇ ਆਵਾਜਾਈ ਦੇ ਸਾਧਨ ਵੱਧ ਗਏ ਹਨ ਜੋ ਸਾਡੇ ਵਾਤਾਵਰਨ ਨੂੰ ਗੰਧਲਾ ਕਰ ਰਹੇ ਹਨ ਜਿਸ ਨਾਲ ਮਨੁੱਖ ਅਨੇਕਾਂ ਬਿਮਾਰੀਆਂ ਦਾ ਸ਼ਿਕਾਰ ਹੋ ਰਿਹਾ ਹੈ। ਉਨ੍ਹਾਂ ਕਿਹਾ ਕਿ ਜੇਕਰ ਇਸ ਗਤੀ ਨਾਲ ਪ੍ਰਦੂਸ਼ਨ ਵੱਧਦਾ ਗਿਆ ਤਾਂ ਧਰਤੀ ਉਪਰ ਮਨੁੱਖਾਂ ਤੇ ਜੀਵਾਂ ਦੀ ਹੋਂਦ ਨੂੰ ਬਚਾਉਣਾ ਮੁਸ਼ਕਿਲ ਹੋ ਜਾਵੇਗਾ ਉਨ੍ਹਾਂ ਕਿਹਾ ਕਿ ਜੇਕਰ ਮਨੁੱਖ ਤੇ ਜੀਵਾਂ ਦੀ ਹੋਂਦ ਨੂੰ ਬਚਾਉਣਾ ਹੈ ਤਾ ਵੱਧ ਤੋਂ ਵੱਧ ਰੁੱਖ ਲਗਾਉਣਾ ਜਰੂਰੀ ਹੈ ਕਿਉ ਕਿ ਤਰੋਂ ਤਾਜਾ ਆਕਸੀਜਨ ਪ੍ਰਦਾਨ ਕਰਨ ਲਈ ਵੱਧ ਤੋਂ ਵੱਧ ਰੁੱਖ ਲਗਾਉਣ ਦੇ ਨਾਲ ਨਾਲ ਉਨ੍ਹਾਂ ਦੀ ਸਾਂਭ ਸੰਭਾਲ ਵੀ ਕਰਨੀ ਅਤਿ ਜਰੂਰੀ ਹੈ ਉਨ੍ਹਾਂ ਕਿਹਾ ਕਿ ਉਹ ਲਗਾਏ ਜਾ ਰਹੇ ਪੌਦਿਆਂ ਦੀ ਸਾਂਭ ਸੰਭਾਲ ਲਈ ਸਮੂਹ ਸਟਾਫ਼ ਮੈਂਬਰ ਦੇ ਨਾਲ ਬੱਚੇ ਵੀ ਪੌਦੇ ਪਾਲਣ ਦੀ ਜੁਮੇਵਾਰੀ ਸਮਝਣ ਇਸ ਮੌਕੇ ਰਣਜੀਤ ਸਿੰਘ, ਗੁਰਦੇਵ ਸਿੰਘ, ਸਾਹਿਲ ਸ੍ਰੀਧਰ, ਭਗਵੰਤ ਸਿੰਘ, ਮਨਦੀਪ ਸਿੰਘ, ਅਮਰ ਸਿੰਘ, ਜਸਪਾਲ ਸਿੰਘ,ਸ੍ਰੀ ਰਸੀਦ ਜੀ ਆਦਿ ਹਾਜ਼ਰ ਸਨ।



## ਮਾਈਗਰੇਟਰੀ ਪਲਸ ਪੋਲੀਓ ਦੇ ਦੂਸਰੇ ਦਿਨ ਬਲਾਕ ਮੁਕੰਦਪੁਰ ਵਿਖੇ 156 ਬੱਚਿਆਂ ਨੂੰ ਪੋਲੀਓ ਦੀਆਂ ਬੂੰਦਾਂ ਪਿਲਾਈਆਂ

**ਸਹੀਦ ਭਗਤ ਸਿੰਘ ਨਗਰ/ਲੋਕ ਬਾਣੀ**

ਸਿਵਲ ਸਰਜਨ ਡਾ. ਦਵਿੰਦਰ ਢਾਂਡਾ ਜੀ ਦੇ ਦਿਸ਼ਾ ਨਿਰਦੇਸ਼ਾਂ ਅਤੇ ਐਸ ਐਮ ਓ ਡਾ. ਰਵਿੰਦਰ ਸਿੰਘ ਦੀ ਅਗਵਾਈ ਹੇਠ, ਆਜ਼ਾਦੀ ਦੇ ਅਮ੍ਰਿਤ ਮਹਾ ਉਤਸਵ ਦੇ ਤਹਿਤ, ਕੌਮੀ ਮਾਈਗਰੇਟਰੀ ਪਲਸ ਪੋਲੀਓ ਪ੍ਰੋਗਰਾਮ ਦੇ ਦੌਰਾਨ ਇਸ ਬਿਮਾਰੀ ਨੂੰ ਜੜੋਂ ਖਤਮ ਕਰਨ ਲਈ 5 ਸਾਲ ਤੱਕ ਦੇ ਬੱਚਿਆਂ ਨੂੰ ਪੋਲੀਓ ਰੋਕੂ ਦਵਾਈ ਦੀਆਂ ਬੂੰਦਾ ਪਿਲਾਈਆਂ ਗਈਆਂ ਇਸ ਮੁਹਿੰਮ ਦੇ ਦੂਸਰੇ ਦਿਨ ਦੋ ਸੁਪਰਵਾਈਜਰ ਦੀ ਦੇਖ ਰੇਖ ਦੇ ਵਿਚ 5 ਟੀਮਾਂ ਦੇ 10 ਵੈਕਸਿਨੇਟਰ ਨੇ ਅੱਜ ਬਲਾਕ ਮੁਕੰਦਪੁਰ ਦੇ ਵੱਖ ਵੱਖ ਇਲਕਾਇਆਂ ਵਿਚ ਜਾਕੇ ਪੋਲਿਓ ਰੋਕੂ ਬੂੰਦਾਂ ਪਿਲਾਈਆਂ ਇਸ ਮੌਕੇ ਤੇ ਬਲਾਕ ਐਕਸਟੈਨਸ਼ਨ ਐਜੂਕੇਟਰ ਹਰਪ੍ਰੀਤ ਸਿੰਘ ਨੇ ਦੱਸਿਆ ਕਿ 21 ਜੂਨ ਨੂੰ ਵੀ ਸਿਹਤ ਕਰਮਚਾਰੀਆਂ ਵੱਲੋਂ ਡੇਰਿਆਂ, ਝੁੱਗੀਆਂ ਅਤੇ ਭੱਠੇ ਆਦਿ @ਤੇ ਰਹਿੰਦੀ ਲੇਬਰ ਦੇ ਬੱਚਿਆਂ ਨੂੰ ਘਰ ਵਿਚ ਜਾ ਕੇ ਪੋਲੀਓ ਰੋਕੂ ਦਵਾਈ ਦੀਆਂ ਬੂੰਦਾ ਪਿਲਾਈਆਂ ਜਾਣਗੀਆਂ ਕਮਿਊਨਿਟੀ ਸਿਹਤ ਵਿਭਾਗ ਮੁਕੰਦਪਰ ਅਧੀਨ ਆਉਂਦੇ ਪਿੰਡਾਂ ਦੇ ਬੱਚਿਆਂ ਨੂੰ ਇਹ ਬੂੰਦਾ ਪਿਲਾਉਣ ਲਈ ਸਿਹਤ ਕਰਮਚਾਰੀ ਦੀਆਂ ਟੀਮਾਂ 21 ਨੂੰ ਵੀ ਪੋਲਿਓ ਦੀਆਂ ਬੂੰਦਾਂ ਪਿਲਾਉਣ ਗੀਆਂ ਇਸ ਕੈਮਪੇਨ ਦੇ ਪਹਿਲੇ ਦਿਨ 305 ਅਤੇ ਦੂਜੇ ਦਿਨ 156 ਬੱਚਿਆਂ ਨੂੰ ਪੋਲੀਓ ਦੀਆਂ ਬੂੰਦਾ ਪਿਲਾਇਆਂ ਗਈਆਂ ਇਸ ਮੌਕੇ ਤੇ ਨੋਡਲ ਅਫਸਰ ਡਾ. ਨਿਰੰਜਣ ਪਾਲ, ਸੁਪਰਵਾਈਜਰ ਬਲਵੰਤ ਰਾਮ, ਰਾਜ ਕੁਮਾਰ ਹੰਸ, ਹੈਲਥ ਵਰਕਰ ਸਰਬਜੀਤ, ਵਿਨੋਦ ਕੁਮਾਰ, ਕੁਲਵੀਰ, ਸਚਦੀਪ ਸਿੰਘ, ਅਮਨਦੀਪ ਕੁਮਾਰ, ਪਰਵੀਨ, ਏ ਐਨ ਐਮ ਪੁਨੀਤ, ਸਤਿੰਦਰ, ਕੁਲਵਿੰਦਰ ਕੌਰ, ਅਤੇ ਉਸ਼ਾ ਆਸ਼ਾ ਵਰਕਰ ਨੇ ਬਲਾਕ ਮੁਕੰਦਪੁਰ ਵਿੱਚ ਪੋਲੀਓ ਰੋਕੂ ਬੂੰਦਾ ਪਿਲਾਈਆਂ।

## ਅਗਨੀਪਥ ਸਕੀਮ ਰੱਦ ਕਰਕੇ ਰੈਗੂਲਰ ਫੌਜੀ ਭਰਤੀ ਸ਼ੁਰੂ ਕਰੇ ਮੋਦੀ ਸਰਕਾਰ: ਪੱਖੋਕੇ ,ਬ੍ਰਹਮਪੁਰਾ

**ਜੰਡਿਆਲਾ ਗੁਰੂ/ਜਸਪਾਲ ਸ਼ਰਮਾ**

ਸ੍ਰੋਮਣੀ ਅਕਾਲੀ ਦਲ ਪੰਜਾਬ ਦੇ ਸੀਨੀਅਰ ਮੀਤ ਪ੍ਰਧਾਨ ਰਾਜਬੀਰ ਸਿੰਘ ਪੱਖੋਕੇ ਅਤੇ ਅਕਾਲੀ ਦਲ ਦੇ ਸਾਬਕਾ ਵਿਧਾਇਕ ਰਵਿੰਦਰ ਸਿੰਘ ਬ੍ਰਹਮਪੁਰਾ ਨੇ ਇੱਕ ਸਾਂਝੇ ਬਿਆਨ ਵਿੱਚ ਕਿਹਾ ਕਿ ਮੋਦੀ ਸਰਕਾਰ ਦੁਆਰਾ ਫੌਜੀ ਭਰਤੀ ਲਈ ਲਿਆਂਦੀ ਗਈ ਅਗਨੀਪਥ ਸਕੀਮ ਰੱਦ ਕਰਕੇ ਰੈਗੂਲਰ ਫੋਜੀ ਭਰਤੀ ਸ਼ੁਰੂ ਕਰਨ ਦੀ ਮੰਗ ਕਰਦਿਆਂ ਇਸ ਚਾਰ ਸਾਲਾਂ ਠੇਕਾ ਭਰਤੀ ਸਕੀਮ ਨੂੰ ਦੇਸ਼ ਦੇ ਨੌਜਵਾਨਾਂ ਨਾਲ ਇੱਕ ਭੱਦਾ ਮਜ਼ਾਕ ਕਰਾਰ ਦਿੱਤਾ ਹੈ ਪੱਖੋਕੇ ਨੇ ਕਿਹਾ ਕਿ ਹੈ ਕਿ ਇਸ ਸਕੀਮ ਦਾ ਸੱਚ ਇਹ ਹੈ ਕਿ ਆਪਣੇ ਕਾਰਪੋਰੇਟ ਮਿੱਤਰਾਂ ਨੂੰ ਅਰਬਾਂ-ਖਰਬਾਂ ਰੁਪਏ ਦੇ ਗੱਫੇ ਦੇਣ ਵਾਲੀ ਮੋਦੀ ਸਰਕਾਰ ਸਰਹੱਦਾਂ ਉੱਤੇ ਮੌਤ ਦਾ ਸਾਹਮਣਾ ਕਰਨ ਵਾਲੇ ਸੈਨਿਕਾਂ ਨੂੰ ਪੂਰੀ ਪੈਨਸ਼ਨ ਦੇਣ ਤੋਂ ਵੀ ਮੁਕਰ ਰਹੀ ਹੈ ਅੱਠ ਸਾਲ ਪਹਿਲਾਂ ਸੱਤਾ ਵਿੱਚ ਆਉਣ ਸਮੇਂ ਹਰ ਸਾਲ ਦੋ ਕਰੋੜ ਨੌਕਰੀਆਂ ਦੇਣ ਦਾ ਵਾਅਦਾ ਬਾਰ - ਬਾਰ ਦੁਹਰਾਇਆ ਸੀ ਜੋ ਕਿ ਉਸ ਦੇ ਬਹੁਤ ਸਾਰੇ ਹੋਰਾਂ ਵਾਗੂੰ ਇੱਕ ਜੁਮਲਾ ਅਤੇ ਧੋਖਾ ਹੀ ਸਾਬਤ ਹੋਇਆ ਖਰਚਾ ਘਟਾਉਣ ਤੇ ਪੈਸਾ ਬਚਾਉਣ ਦੀ ਆੜ ਵਿੱਚ ਹਰ ਵਿਭਾਗ ਵਿਚ ਠੇਕਾ ਭਰਤੀ ਦੀ ਨੀਤੀ ਉਤੇ ਚੱਲਦੀ ਮੋਦੀ ਸਰਕਾਰ ਹੁਣ ਦੇਸ਼ ਦੀ ਸੁਰੱਖਿਆ ਵਰਗੇ ਅਹਿਮ ਫੈਸਲੇ ਵੀ ਠੇਕਾ ਕਰਮੀਆਂ ਦੇ ਸਪੁਰਤ ਕਰਨ ਤੱਕ ਆ ਗਈ ਹੈ ਇਸੇ ਲਈ ਕੇਂਦਰ ਸਰਕਾਰ ਵੱਲੋਂ ਤਿੰਨ ਸਾਲ ਤੋਂ ਰੋਕੀ ਹੋਈ ਫੌਜੀ ਭਰਤੀ ਨੂੰ ਅਗਨੀਪਥ ਸਕੀਮ ਦੇ ਰੂਪ ਵਿੱਚ ਸ਼ੁਰੂ ਕਰਨ ਦਾ ਜੋ ਐਲਾਨ ਕੀਤਾ ਹੈ ਇਹ ਕਈ ਸਾਲਾਂ ਤੋਂ ਭਰਤੀ ਹੋਣ ਲਈ ਸਖਤ ਕਸਰਤ ਕਰ ਰਹੇ ਹਨ।

## ਸੁਖਮਨੀ ਸਾਹਿਬ ਜੀ ਦੇ ਪਾਠ ਕਰਵਾਏ ਗਏ



**ਜੰਡਿਆਲਾ ਗੁਰੂ/ਜਸਪਾਲ ਸ਼ਰਮਾ**

ਸੋਨੂੰ ਮਿਗਲਾਨੀ ਅਤੇ ਉਹਨਾਂ ਦੇ ਭਰਾ ਗੋਰਵ ਮਿਗਲਾਨੀ ਵਲੋਂ ਅਪਨੇ ਸਾਂਝੇ ਵਪਾਰ ਲਈ ਅਪਨੀ ਨਵੀ ਦੁਕਾਨ ਮਿਗਲਾਨੀ ਯੂਨੀਫਾਰਮ ਹਾਊਸ (ਨੇੜੇ ਪੁਲਿਸ ਚੌਂਕੀ) ਦੇ ਮਹੂਰਤ ਮੌਕੇ ਸ੍ਰੀ ਸੁਖਮਨੀ ਸਾਹਿਬ ਜੀ ਦੇ ਪਾਠ ਕਰਵਾਏ ਗਏ ਪਾਠ ਉਪਰੰਤ ਭਾਈ ਅਮਨਦੀਪ ਸਿੰਘ ਹੈੱਡ ਗ੍ਰੰਥੀ ਵਲੋਂ ਖੁਸ਼ੀਆਂ ਨਾਲ ਸਬੰਧਤ ਸ਼ਬਦ ਕੀਰਤਨ ਕੀਤੇ ਗਏ ਭੋਗ ਅਤੇ ਅਰਦਾਸ ਉਪਰੰਤ ਵਿਸ਼ੇਸ਼ ਤੋਰ ਤੇ ਪਹੁੰਚੇ ਸ਼੍ਰੀਮਤੀ ਸੁਹਿੰਦਰ ਕੌਰ ਪਤਨੀ ਕੈਬਨਿਟ ਮੰਤਰੀ ਸ੍ਰ ਹਰਭਜਨ ਸਿੰਘ ਈ ਟੀ ਓ ਵਲੋਂ ਪਰਿਵਾਰ ਨੂੰ ਸਨਮਾਨਿਤ ਕੀਤਾ ਗਿਆ ਉਪਰੰਤ ਗੁਰੂ ਘਰ ਦੇ ਲੰਗਰ ਵਰਤਾਏ ਗਏ ਇਸ ਦੌਰਾਨ ਹੋਰਨਾਂ ਤੋਂ ਇਲਾਵਾ ਸੁਨੈਨਾ ਰੰਧਾਵਾ ਸ਼ਹਿਰੀ ਪ੍ਰਧਾਨ ਆਮ ਆਦਮੀ ਪਾਰਟੀ, ਵਰਿੰਦਰ ਸਿੰਘ ਮਲਹੋਤਰਾ ਪ੍ਰਧਾਨ ਜੰਡਿਆਲਾ ਪ੍ਰੈਸ ਕਲੱਬ, ਗੁਰਦੀਪ ਸਿੰਘ ਨਾਗੀ ਪ੍ਰਧਾਨ ਮਾਝਾ ਪ੍ਰੈਸ ਕਲੱਬ, ਪਰਮਿੰਦਰ ਸਿੰਘ ਜੋਸਨ ਪ੍ਰਧਾਨ ਪ੍ਰੈਸ ਵੈਲਫੇਅਰ ਕਲੱਬ, ਸੁਰਿੰਦਰਪਾਲ ਸਿੰਘ, ਰਾਮਪ੍ਰਸ਼ਾਦ ਸ਼ਰਮਾ, ਪ੍ਰਦੀਪ ਜੈਨ, ਮਨੀ ਸਿੰਘ, ਰਾਜੀਵ ਕੁਮਾਰ ਭਾਜਪਾ ਆਗੂ, ਗੁਲਸ਼ਨ ਜੈਨ, ਸੀ ਏ ਅਨਿਲ ਸੂਰੀ ਅਤੇ ਅਨਿਲ ਸੂਰੀ, ਪਲਵਿੰਦਰਪਾਲ ਸਿੰਘ, ਇੰਸਪੈਕਟਰ ਪ੍ਰਭਦਿਆਲ ਸਿੰਘ, ਪੱਤਰਕਾਰ ਜਸਪਾਲ ਸ਼ਰਮਾ, ਦਿਆਲ ਅਰੋੜਾ, ਸਮੇਤ ਪਰਿਵਾਰਿਕ ਮੈਂਬਰ ਮੀਨੂ , ਆਰਤੀ , ਬੱਲੀ ਆਦਿ ਮੌਜੂਦ ਸਨ।

## ਪੰਜਾਬ ਸਰਕਾਰ ਵੱਲੋਂ ਕੱਲਰ ਵਾਲੀਆਂ ਜ਼ਮੀਨਾਂ ਦੇ ਸੁਧਾਰ ਲਈ ਸਬਸਿਡੀ 'ਤੇ ਜਿਪਸਮ ਉਪਲਬਧ ਕਰਵਾਇਆ ਜਾਵੇਗਾ

**ਸਹੀਦ ਭਗਤ ਸਿੰਘ ਨਗਰ/ਲੋਕ ਬਾਣੀ**

ਪੰਜਾਬ ਸਰਕਾਰ ਵੱਲੋਂ ਖੇਤੀਬਾੜੀ ਤੇ ਕਿਸਾਨ ਭਲਾਈ ਵਿਭਾਗ ਰਾਹੀਂ ਕੱਲਰ ਵਾਲੀਆਂ ਜ਼ਮੀਨਾਂ 'ਚ ਸੁਧਾਰ ਲਈ ਲਈ ਕਿਸਾਨਾਂ ਨੂੰ ਜਿਪਸਮ ਸਬਸਿਡੀ 'ਤੇ ਮੁਹੱਈਆ ਕਰਵਾਇਆ ਜਾਵੇਗਾ ਇਹ ਸਬਸਿਡੀ 175 ਰੁਪਏ ਪ੍ਰਤੀ ਥੈਲਾ ਹੋਵੇਗੀ ਜੋ ਕਿ 50 ਫ਼ੀਸਦੀ ਬਣਦੀ ਹੈ ਇਹ ਜਾਣਕਾਰੀ ਦਿੰਦਿਆਂ ਡਾ. ਰਾਜ ਕੁਮਾਰ, ਮੁੱਖ ਖੇਤੀਬਾੜੀ ਅਫ਼ਸਰ, ਸ਼ਹੀਦ ਭਗਤ ਸਿੰਘ ਨਗਰ ਨੇ ਦੱਸਿਆ ਕਿ ਜਿਹੜੀਆਂ ਜ਼ਮੀਨਾਂ ਦੀ ਪੀ ਐਚ 8.5 ਤੋਂ ਜ਼ਿਆਦਾ ਹੈ ਜਾਂ ਲਗਾਤਾਰ ਇੱਕ ਹੀ ਤਰ੍ਹਾਂ ਦੀਆਂ ਖਾਦਾਂ ਦੀ ਵਰਤੋਂ ਨਾਲ ਜ਼ਮੀਨਾਂ ਵਿੱਚ ਸੋਡੀਅਮ ਸਾਲਟ ਦੀ ਮਾਤਰਾ ਵੱਧ ਰਹੀ ਹੈ, ਉਨ੍ਹਾਂ ਜ਼ਮੀਨਾਂ ਵਿੱਚ ਜਿਪਸਮ ਦੀ ਵਰਤੋਂ ਲਾਜ਼ਮੀ ਹੈ ਉਨ੍ਹਾਂ ਅੱਗੇ ਦੱਸਿਆ ਕਿ ਜਿਪਸਮ ਦੀ ਘਾਟ ਨਾਲ ਜ਼ਮੀਨ ਦੀ ਪਾਣੀ ਜੀਰਨ ਦੀ ਸ਼ਕਤੀ ਘੱਟ ਜਾਂਦੀ ਹੈ ਅਤੇ ਹਵਾ ਦਾ ਸੰਚਾਰ ਠੀਕ ਨਾ ਹੋਣ ਕਰਕੇ ਜੜ੍ਹਾਂ ਨੂੰ ਪਾਣੀ ਅਤੇ ਖੁਰਾਕੀ ਤੱਤਾਂ ਦੀ ਉਪਲਬਧਤਾ ਵੀ ਘੱਟ ਜਾਂਦੀ ਹੈ, ਜਿਸ ਕਾਰਨ ਜ਼ਮੀਨ ਦੀ ਸਿਹਤ ਵਿੱਚ ਵੀ ਗਿਰਾਵਟ ਆਉਦੀ ਹੈ ਇਸ ਤਰ੍ਹਾਂ ਦੀ ਸਮੱਸਿਆ ਵਾਲੀਆਂ ਜ਼ਮੀਨਾਂ ਵਿੱਚ ਜਿਪਸਮ ਦੀ ਵਰਤੋਂ ਕਰਨੀ ਚਾਹੀਦੀ ਹੈ ਮੁੱਖ ਖੇਤੀਬਾੜੀ ਅਫ਼ਸਰ ਨੇ ਅਜਿਹੀਆਂ ਜ਼ਮੀਨਾਂ ਲਈ ਜਿਪਸਮ ਦੀ ਵਰਤੋਂ ਕਰਨ ਦੀ ਵਿਧੀ ਦੱਸਦਿਆਂ ਕਿਹਾ ਕਿ ਲੋੜੀਂਦੀ ਜਿਪਸਮ ਨੂੰ ਜ਼ਮੀਨ ਦੀ ਉਪਰਲੀ ਤਹਿ (10 ਸੈ.ਮੀ.) ਵਿੱਚ ਮਿਲਾ ਕੇ ਭਰਵਾਂ ਪਾਣੀ ਲਾਇਆ ਜਾਵੇ ਤਾਂ ਜੋ ਅਗਲੀ ਫ਼ਸਲ ਬੀਜਣ ਤੋਂ ਪਹਿਲਾਂ ਘੁਲਣਸ਼ੀਲ ਨਮਕ ਜੀਰ ਜਾਣ ਉਨ੍ਹਾਂ ਦੱਸਿਆ ਕਿ ਸਬਸਿਡੀ ਵਾਲੀ ਇਹ ਖਾਦ 50 ਕਿਲੋ ਦੀ ਪੈਕਿੰਗ ਵਿੱਚ ਉਪਲਬਧ ਹੈ, ਜਿਸ ਦਾ ਕੁੱਲ ਮੁੱਲ 350/- ਰੁਪਏ ਪ੍ਰਤੀ ਬੈਗ ਹੈ ਇਹ ਕਿਸਾਨਾਂ ਨੂੰ 175/- ਰੁਪਏ ਪ੍ਰਤੀ ਬੈਗ ਸਬਸਿਡੀ ਕੱਟ ਕੇ 175/- ਰੁਪਏ ਪ੍ਰਤੀ ਬੈਗ 'ਤੇ ਵੰਡਿਆਂ ਜਾ ਰਿਹਾ ਹੈ ਚਾਹਵਾਨ ਕਿਸਾਨ ਆਪਣੇ ਪਿੰਡ ਦੇ ਸਰਪੰਚ/ ਨੰਬਰਦਾਰ/ ਐਮ ਸੀ ਤੋਂ ਬਿਨੈ ਪੱਤਰ ਤਸਦੀਕ ਕਰਵਾ ਕੇ, ਨਾਲ ਆਧਾਰ ਕਾਰਡ ਦੀ ਕਾਪੀ, ਬੈਂਕ ਖਾਤੇ ਦੀ ਕਾਪੀ ਨੱਥੀ ਕਰਕੇ ਆਪਣੇ ਨਾਲ ਸਬੰਧਤ ਬਲਾਕ ਦੇ ਖੇਤੀਬਾੜੀ ਦਫ਼ਤਰ ਤੋਂ ਜਿਪਸਮ ਪ੍ਰਾਪਤ ਕਰ ਸਕਦੇ ਹਨ।



# ਸੰਗਰੂਰ ਲੋਕਸਭਾ ਦੀ ਸੀਟ ਆਮ ਆਦਮੀ ਪਾਰਟੀ ਵੱਡੀ ਲੀਡ ਨਾਲ ਜਿੱਤੇਗੀ : ਸਤਨਾਮ ਸਿੰਘ ਜਲਵਾਹਾ



**ਸਹੀਦ ਭਗਤ ਸਿੰਘ ਨਗਰ/ਲੋਕ ਬਾਣੀ**

ਸੰਗਰੂਰ ਲੋਕਸਭਾ ਦੀ ਹੋ ਰਹੀ ਜ਼ਿਮਨੀ ਚੋਣ ਵਿੱਚ ਆਮ ਆਦਮੀ ਪਾਰਟੀ ਦੇ ਉਮੀਦਵਾਰ ਸਰਪੰਚ ਗੁਰਮੇਲ ਸਿੰਘ ਘਰਾਚੋਂ ਵੱਡੀ ਲੀਡ ਨਾਲ ਜਿੱਤ ਪ੍ਰਾਪਤ ਕਰਕੇ ਪੰਜਾਬ ਦੇ ਲੋਕਾਂ ਦੀ ਆਵਾਜ਼ ਪਾਰਲੀਮੈਂਟ ਵਿੱਚ ਬੁਲੰਦ ਕਰਨਗੇ ਆਮ ਆਦਮੀ ਪਾਰਟੀ ਪੰਜਾਬ ਯੂਥ ਵਿੰਗ ਦੇ ਸੂਬਾ ਉੱਪ ਪ੍ਰਧਾਨ ਅਤੇ ਪੰਜਾਬ ਦੇ ਬੁਲਾਰੇ ਸਤਨਾਮ ਸਿੰਘ ਜਲਵਾਹਾ ਵੱਲੋਂ ਸੰਗਰੂਰ ਲੋਕਸਭਾ ਵਿਚ ਪਾਰਟੀ ਦੇ ਉਮੀਦਵਾਰ ਗੁਰਮੇਲ ਸਿੰਘ ਘਰਾਚੋਂ ਦੇ ਹੱਕ ਵਿੱਚ ਚੋਣ ਪ੍ਰਚਾਰ ਕੀਤਾ ਜਾ ਰਿਹਾ ਹੈ ਜਲਵਾਹਾ ਨੇ ਪੱਤਰਕਾਰਾਂ ਨੂੰ ਜਾਣਕਾਰੀ ਦਿੰਦਿਆਂ ਦੱਸਿਆ ਕਿ ਹਲਕਾ ਧੂਰੀ ਵਿੱਚ ਉਨ੍ਹਾਂ ਦੀ ਟੀਮ ਵੱਲੋਂ ਬਲਾਚੌਰ ਤੋਂ ਐਮ ਐਲ ਏ ਭੈਣਜੀ ਸੰਤੋਸ਼ ਕਟਾਰੀਆਂ ਜੀ ਨਾਲ ਅਤੇ ਲਹਿਰਾਗਾਗਾ ਵਿਖੇ ਟਰਾਂਸਪੋਰਟ ਮੰਤਰੀ ਪੰਜਾਬ ਸ ਲਾਲਜੀਤ ਸਿੰਘ ਭੁੱਲਰ ਜੀ ਨਾਲ ਸਾਥੀਆਂ ਸਮੇਤ ਡੋਰ ਟੂ ਡੋਰ ਕੈਂਪੇਨ ਕਰਕੇ ਚੋਣ ਪ੍ਰਚਾਰ ਕੀਤਾ ਗਿਆ ਨਵਾਂਸ਼ਹਿਰ ਦੀ ਸਮੁੱਚੀ ਟੀਮ ਵੱਲੋਂ ਐਤਵਾਰ ਮਲੇਰਕੋਟਲਾ ਦੇ ਵੱਖ ਵੱਖ ਪਿੰਡਾਂ ਵਿੱਚ ਡੋਰ ਟੂ ਡੋਰ ਕੈਂਪੇਨ ਕਰਕੇ ਚੋਣ ਪ੍ਰਚਾਰ ਕੀਤਾ ਗਿਆ ਜਲਵਾਹਾ ਨੇ ਦੱਸਿਆ ਕਿ ਲੋਕਾਂ ਵਿੱਚ ਮਾਨ ਸਰਕਾਰ ਵੱਲੋਂ ਤਿੰਨ ਮਹੀਨੇ ਦੇ ਕਾਰਜਕਾਲ ਦੌਰਾਨ ਕੀਤੇ ਇਤਿਹਾਸਕ ਕੰਮਾਂ ਕਰਕੇ ਬੇਹੱਦ ਖੁਸ਼ੀ ਉਤਸ਼ਾਹ ਅਤੇ ਜਨੂੰਨ ਹੈ ਜਿਸ ਦੀ ਬਦੌਲਤ ਸੰਗਰੂਰ ਲੋਕਸਭਾ ਹਲਕੇ ਦੇ ਵੋਟਰ ਆਮ ਆਦਮੀ ਪਾਰਟੀ ਦੇ ਉਮੀਦਵਾਰ ਗੁਰਮੇਲ ਸਿੰਘ ਘਰਾਚੋਂ ਨੂੰ ਭਾਰੀ ਬਹੁਮਤ ਨਾਲ ਜਿੱਤਾਕੇ ਦੇਸ਼ ਦੀ ਸਭਤੋਂ ਵੱਡੀ ਪੰਚਾਇਤ ਪਾਰਲੀਮੈਂਟ ਵਿੱਚ ਭੇਜਣਗੇ ਹਰ ਗਲੀ ਮੌੜ ਚੁਰਾਹੇ ਅਤੇ ਸੱਥਾ ਵਿਚ ਸਿਰਫ਼ ਆਮ ਆਦਮੀ ਪਾਰਟੀ ਦੁਆਰਾ ਕੀਤੇ ਗਏ ਕੰਮਾਂ ਦੀ ਚਰਚਾ ਹੈ ਅਤੇ ਵਿਰੋਧੀ ਪਾਰਟੀਆਂ ਦੇ ਲੀਡਰ ਸਿਵਾਏ ਝੂਠੇ ਪ੍ਰੋਪੇਗੰਡੇ ਵਾਲੇ ਪ੍ਰਚਾਰ ਤੋਂ ਇਲਾਵਾ ਹੋਰ ਕੋਈ ਵੀ ਕੰਮ ਨਹੀਂ ਗਿਣਾ ਪਾ ਰਹੇ ਕਾਂਗਰਸ ਅਤੇ ਅਕਾਲੀ ਦਲ ਦੇ ਉਮੀਦਵਾਰਾਂ ਨੂੰ ਤਾਂ ਵੋਟਾਂ ਮੰਗਣੀਆਂ ਵੀ ਮੁਸ਼ਕਲ ਹੋ ਰਹੀਆਂ ਹਨ ਕਿਉਂ ਕਿ ਸੰਗਰੂਰ ਲੋਕਸਭਾ ਹਲਕੇ ਦੇ ਵੋਟਰ ਬਹੁਤ ਜਾਗਰੂਕ ਅਤੇ ਸੂਝਵਾਨ ਹਨ ਅਤੇ ਉਹ ਇਨ੍ਹਾਂ ਰਵਾਇਤੀ ਪਾਰਟੀਆਂ ਨੂੰ ਸਵਾਲ ਹੀ ਇਹੋ ਜਿਹਾ ਕਰ ਦਿੰਦੇ ਹਨ ਜਿਸ ਦਾ ਜਵਾਬ ਦੇਣਾ ਅਤੇ ਪੱਲਾ ਛੁਡਾਉਣਾ ਇਨ੍ਹਾਂ ਰਵਾਇਤੀ ਪਾਰਟੀਆਂ ਦੇ ਲੀਡਰਾਂ ਨੂੰ ਔਖਾ ਹੋ ਰਿਹਾ ਹੈ ਆਮ ਆਦਮੀ ਪਾਰਟੀ ਦੀ ਸਮੁੱਚੀ ਪੰਜਾਬ ਲੀਡਰਸ਼ਿਪ ਜਿਸ ਤਰ੍ਹਾਂ ਸੰਗਰੂਰ ਲੋਕਸਭਾ ਸੀਟ ਲਈ ਸਖ਼ਤ ਮਿਹਨਤ ਕਰ ਰਹੀ ਹੈ ਉਸਤੋਂ ਸਪੱਸ਼ਟ ਹੈ ਕਿ ਆਮ ਆਦਮੀ ਪਾਰਟੀ ਬਹੁਤ ਵੱਡੇ ਮਾਰਜਨ ਨਾਲ ਇਹ ਸੀਟ ਵੀ ਜਿੱਤੇਗੀ ਅਤੇ ਆਪਣਾ ਸਭਤੋਂ ਵੱਧ ਵੋਟਾਂ ਵਾਲਾ ਰਿਕਾਰਡ ਵੀ ਖੁਦ ਹੀ ਤੋੜੇਗੀ ਸ ਭਗਵੰਤ ਸਿੰਘ ਮਾਨ ਖੁਦ ਸੰਗਰੂਰ ਲੋਕਸਭਾ ਦੇ ਹਰ ਹਲਕੇ ਵਿੱਚ ਜਾਕੇ ਰੋਡ ਸ਼ੋਅ ਕਰਦੇ ਹੋਏ ਵੋਟਰਾਂ ਦਾ ਧੰਨਵਾਦ ਵੀ ਕਰ ਰਹੇ ਹਨ ਅਤੇ ਗੁਰਮੇਲ ਸਿੰਘ ਘਰਾਚੋਂ ਦੇ ਹੱਕ ਵਿੱਚ ਚੋਣ ਪ੍ਰਚਾਰ ਵੀ ਕਰ ਰਹੇ ਹਨ ਮਾਨ ਸਾਬ ਦੇ ਵਿਚਾਰ ਸੁਣਨ ਲਈ ਆਪ ਮੁਹਾਰੇ ਭਾਰੀ ਇਕੱਠ ਹੋ ਰਹੇ ਹਨ ਆਮ ਆਦਮੀ ਪਾਰਟੀ ਵੱਲੋਂ ਹਰ ਹਲਕੇ ਵਿੱਚ ਹਰ ਘਰ ਤੱਕ ਪਹੁੰਚ ਬਣਾਉਣ ਲਈ ਪੰਜਾਬ ਦੇ ਸਾਰੇ ਲੀਡਰਾਂ ਦੀਆਂ ਡਿਊਟੀਆਂ ਲਗਾਈਆਂ ਗਈਆਂ ਹਨ ਅਤੇ ਸਾਰੇ ਆਗੂਆਂ ਵੱਲੋਂ ਆਪਣੀ ਜ਼ੁੰਮੇਵਾਰੀ ਨੂੰ ਬਾਖੂਬੀ ਨਿਭਾਇਆ ਜਾ ਰਿਹਾ ਹੈ ਜਲਵਾਹਾ ਨੇ ਪੱਤਰਕਾਰਾਂ ਨੂੰ ਜਾਣਕਾਰੀ ਦਿੰਦਿਆਂ ਦੱਸਿਆ ਕਿ 21 ਜੂਨ ਸ਼ਾਮ ਪੰਜ ਵਜੇ ਤੱਕ ਚੋਣ ਪ੍ਰਚਾਰ ਕੀਤਾ ਜਾਵੇਗਾ ਅਤੇ ਉਸਤੋਂ ਬਾਅਦ ਸਾਰੇ ਲੀਡਰ ਆਪਣੇ ਆਪਣੇ ਹਲਕਿਆਂ ਵਿੱਚ ਵਾਪਸ ਆਉਣਗੇ ਅਤੇ ਲੋਕਾਂ ਦੇ ਨਾਲ ਰਾਬਤਾ ਕਾਇਮ ਕਰਕੇ ਰਹਿੰਦੇ ਕੰਮਾਂ ਨੂੰ ਪੂਰਾ ਕਰਨਗੇ।

# ਭਗਤ ਇੰਪਲਾਈਜ਼ ਐਸੋਸੀਏਸ਼ਨ ਨੇ ਮਨਾਇਆ ਭਗਤ ਕਬੀਰ ਜੀ ਦਾ ਪ੍ਰਕਾਸ਼ ਉਤਸਵ





**ਅੰਮ੍ਰਿਤਸਰ/ਰਾਜਾ ਕੋਟਲੀ**

ਭਗਤ ਇੰਪਲਾਈਜ਼ ਵੈਲਫੇਅਰ ਐਸੋਸੀਏਸ਼ਨ ਪੰਜਾਬ (ਰਜਿ:) ਦੇ ਪ੍ਰਧਾਨ ਤਾਰਾ ਚੰਦ ਭਗਤ ਦੀ ਅਗਵਾਈ ਹੇਠ ਇਲਾਕੇ ਦੀਆਂ ਸਮੂੰਹ ਸੰਗਤਾਂ ਦੇ ਸਹਿਯੋਗ ਨਾਲ ਸ੍ਰੋਮਣੀ ਸੰਤ ਸਤਿਗੁਰੂ ਕਬੀਰ ਸਾਹਿਬ ਜੀ ਦਾ ਸੂਬਾ ਪੱਧਰੀ 624ਵਾਂ ਪ੍ਰਕਾਸ ਪੁਰਬ ਬੜੇ ਉਤਸ਼ਾਹ ਅਤੇ ਸਰਧਾ ਪੂਰਵਕ ਹਰ ਸਾਲ ਦੀ ਤਰ੍ਹਾਂ ਪ੍ਰੇਮ ਨਗਰ ਸਤਿਗੁਰੂ ਕਬੀਰ ਭਵਨ ਅੰਮ੍ਰਿਤਸਰ ਵਿਖੇ ਮਨਾਇਆ ਗਿਆ ਇਸ ਮੌਕੇ ਸੰਗਤਾਂ ਨੂੰ ਸੰਬੋਧਨ ਕਰਦਿਆਂ ਤਾਰਾ ਚੰਦ ਭਗਤ ਨੇ ਕਿਹਾ ਕਿ ਕਬੀਰ ਸਾਹਿਬ ਵੱਲੋ ਮਨੁੱਖਤਾ ਨੂੰ ਸਰੀਰਕ, ਮਾਨਸਿਕ ਗੁਲਾਮੀ ਵਹਿਮਾਂ ਭਰਮਾਂ ਅਤੇ ਪਾਖੰਡਵਾਦ ਤੇ ਅੰਧਵਿਸ਼ਵਾਸ ਵਿੱਚੋ ਬਾਹਰ ਕੱਢਣ ਲਈ ਆਪਣਾ ਸਾਰਾ ਜੀਵਨ ਲਗਾ ਦਿੱਤਾ ਉਹ ਅਮਨ ਅਤੇ ਸਾਂਤੀ ਦੇ ਪ੍ਰਤੀਕ ਸਨ ਉਹਨਾਂ ਕਿਹਾ ਕਿ ਸੰਵਿਧਾਨ ਦੇ ਨਿਰਮਾਤਾ ਬਾਬਾ ਸਾਹਿਬ ਡਾ:ਭੀਮ ਰਾਓ ਅੰਬੇਦਕਰ ਜੀ ਨੇ ਉਨ੍ਹਾਂ ਦੇ ਜੀਵਨ ਤੋਂ ਪ੍ਰਭਾਵਿਤ ਹੋ ਕੇ ਆਪਣਾ ਸਾਰਾ ਜੀਵਨ ਦੱਬੇ ਕੁਚਲੇ ਸਮਾਜ ਲਈ ਲਗਾਇਆ, ਜਿੰਨ੍ਹਾਂ ਦੀ ਬਦੌਲਤ ਅਜ ਅਸੀਂ ਸਿਰ ਉੱਚਾ ਕਰ ਕੇ ਚਲ ਫਿਰ ਸਕਦੇ ਹਾਂ ਅਜ ਸਾਨੂੰ ਵੀ ਲੋੜ ਹੈ ਉਨ੍ਹਾਂ ਦੀਆਂ ਸਿਖਿਆਵਾਂ ਤੇ ਚਲਦੇ ਹੋਏ ਸਮਾਜਿਕ ਕੁਰੀਤੀਆਂ ਦਾ ਡਟ ਕੇ ਵਿਰੋਧ ਕਰਦਿਆਂ ਹੋਇਆਂ ਦੱਬੇ ਕੁਚਲੇ ਲੋਕਾਂ ਦੇ ਹੱਕਾਂ ਲਈ ਪਹਿਰਾ ਦੇਈਏ ਇਸ ਮੌਕੇ ਵਖ ਵਖ ਬੁਲਾਰਿਆਂ ਨੇ ਵੀ ਸਤਿਗੁਰੂ ਕਬੀਰ ਸਾਹਿਬ ਜੀ ਦੇ ਜੀਵਨ ਤੇ ਚਾਨਣਾ ਪਾਇਆ ਉਪਰੰਤ ਗੁਰੂ ਕੇ ਅਤੁੱਟ ਲੰਗਰ ਵਰਤੇ ਹੋਰਨਾਂ ਤੋਂ ਇਲਾਵਾ ਇਸ ਮੌਕੇ ਮੇਲਾ ਰਾਮ,ਕਾਂਸੀ ਰਾਮ,ਪੂਰਨ ਚੰਦ,ਗਿਰਦਾਰੀ ਲਾਲ,ਮਾਸਟਰ ਰਤਨ ਲਾਲ,ਮਾਸਟਰ ਪਿਆਰਾ ਲਾਲ,ਸੁਖਦੇਵ ਸਿੰਘ,ਜਗਦੀਸ਼ ਦੁੱਗਲ,ਕਿਸਨ ਕੁਮਾਰ, ਚਰਨਜੀਤ ਮਜੀਠਾ, ਦਲਬੀਰ ਸਿੰਘ, ਰੋਸਨ ਲਾਲ, ਸਤਪਾਲ, ਬਿਸੰਬਰ ਦਾਸ,ਵੇਦ ਪ੍ਰਕਾਸ, ਅਰਜਨ ਸਿੰਘ, ਮਹੰਤ ਰਮੇਸ਼ ਚੰਦਰ, ਸੁਖਦੇਵ ਰਾਜ ਆਦਿ ਵੀ ਹਾਜ਼ਰ ਸਨ।

# ਜਥੇਬੰਦੀਆਂ ਨੂੰ ਬਲਾਕੇ ਡੀ ਸੀ ਨਾਲ ਮੀਟਿੰਗਾਂ ਕਰਵਾਉਣ ਦਾ ਝਾਂਸਾ ਦੇ ਕੇ ਕੀਤਾ : ਵਿਸ਼ਵਾਸਘਾਤ



**ਫ਼ਰੀਦਕੋਟ/ਜਸਵਿੰਦਰ ਸਿੰਘ ਬਰਾੜ**

ਕਾਫ਼ੀ ਚਰਚਿਤ ਕੇਸ ਪਿੰਡ ਕਾਬਲਵਾਲਾ ਦੇ ਨੌਜਵਾਨ ਵਾਹਿਗੁਰੂ ਸਿੰਘ ਦੇ ਮਹੀਨਾ ਪਹਿਲਾਂ ਪੁਲੀਸ ਨੇ ਚੌਕੀ ਗੋਲੇਵਾਲਾ ਵਿੱਚ ਕੁੱਟਮਾਰ ਕਰਨ ਜਾਤੀ ਸੂਚਕ ਸ਼ਬਦ ਬੋਲਣਾ ਅਤੇ ਕਕਾਰਾਂ ਦੀ ਬੇਅਦਬੀ ਕਰਨ ਦੀ ਵੀਡੀਓ ਵਾਇਰਲ ਹੋਣ ਤੋਂ ਬਾਅਦ ਚੌਕੀ ਇੰਚਾਰਜ ਗੋਲੇਵਾਲਾ ਨੇ ਉਲਟਾ ਝੂਠਾ ਪਰਚਾ ਦਰਜ ਕਰ ਦਿੱਤਾ ਸੀ ਜ਼ਿਲ੍ਹਾ ਪ੍ਰਸ਼ਾਸਨ ਇਸ ਮਾਮਲੇ ਨੂੰ ਦਬਾਉਣ ਤੇ ਲੱਗਿਆ ਹੋਇਆ ਹੈ ਉਨ੍ਹਾਂ ਡਿਪਟੀ ਕਮਿਸ਼ਨਰ ਅਤੇ ਐਸਐਸਪੀ ਫ਼ਰੀਦਕੋਟ ਨਾਲ ਮੀਟਿੰਗਾਂ ਦਾ ਝਾਂਸਾ ਦੇ ਕੇ ਜੱਥੇਬੰਦੀਆਂ ਅਤੇ ਪੁਲੀਸ ਗੁੰਡਾਗਰਦੀ ਵਿਰੋਧੀ ਐਕਸ਼ਨ ਕਮੇਟੀ ਨੂੰ ਸੱਦਿਆ ਫਿਰ ਬਿਨਾਂ ਮਲਾਏ ਹੀ ਛੁੱਟੀ ਦਾ ਬਹਾਨਾ ਬਣਾ ਕੇ ਪ੍ਰਸ਼ਾਸਨ ਨੇ ਜਥੇਬੰਦੀਆਂ ਨਾਲ ਵਿਸਵਾਸ਼ਘਾਤ ਕੀਤਾ ਇਸ ਸਮੇਂ ਜਥੇਦਾਰ ਲਖਵੀਰ ਸਿੰਘ ਮਹਾਲਮ,ਸਰਬਣ ਸਿੰਘ ਪੰਜਗਰਾਈਂ,ਗੁਰਪਾਲ ਸਿੰਘ ਨੰਗਲ,ਜੱਥੇਦਾਰ ਸੁਖਵਿੰਦਰ ਸਿੰਘ ਫਿਰੋਜ਼ਪੁਰ, ਸਤਨਾਮ ਸਿੰਘ ਪੱਖੀ ਖੁਰਦ,ਕਰਨੈਲ ਸਿੰਘ ਬਰਗਾੜੀ ਨੇ ਕਿਹਾ ਹੈ ਕਿ ਇਕ ਮਹੀਨੇ ਤੋਂ ਉਪਰ ਸਮਾਂ ਬੀਤ ਜਾਣ ਦੇ ਬਾਵਜੂਦ ਵੀ ਪ੍ਰਸ਼ਾਸਨ ਨੇ ਅਜੇ ਤੱਕ ਕੋਈ ਗੱਲ ਨਹੀਂ ਸੁਣੀ ਪ੍ਰੰਤੂ ਅਜੇ ਵੀ ਚੌਕੀ ਇੰਚਾਰਜ ਪਲਵਿੰਦਰ ਸਿੰਘ ਇਕ ਹੋਰ ਪਰਚਾ ਦਰਜ ਕਰਨ ਦੀ ਧਮਕੀ ਦੇ ਰਿਹਾ ਹੈ ਵਾਹਿਗੁਰੂ ਸਿੰਘ ਦੇ ਨਾਮ ਪ੍ਰਤੀ ਵੀ ਬਹੁਤ ਹੀ ਘਟੀਆ ਅਪਸ਼ਬਦ ਬੋਲਦਾ ਹੈ ਚੌਕੀ ਇੰਚਾਰਜ ਤਾਂ ਇਹ ਵੀ ਕਹਿ ਰਹੇ ਹਨ ਕਿ ਮੈਨੂੰ ਨੌਕਰੀ ਦੀ ਕੋਈ ਲੋੜ ਨਹੀਂ ਮੇਰੇ ਕੋਲ ਖਾਣ ਨੂੰ ਦਾਣੇ ਵਾਧੂ ਹਨ ਆਗੂਆਂ ਨੇ ਕਿਹਾ ਕਿ ਪਲਵਿੰਦਰ ਸਿੰਘ ਚੌਕੀ ਇੰਚਾਰਜ ਇਹ ਸਾਰਾ ਕੁਝ ਜ਼ਿਲ੍ਹਾ ਪ੍ਰਸ਼ਾਸਨ ਅਤੇ ਸਰਕਾਰ ਦੀ ਸ਼ਹਿ ਤੇ ਬੋਲ ਰਿਹਾ ਹੈ ਉਨ੍ਹਾਂ ਕਿਹਾ ਹੈ ਕਿ ਹੁਣ ਪ੍ਰਸ਼ਾਸਨ ਨਾਲ 21 ਜੂਨ ਨੂੰ ਸਦਰ ਥਾਣਾ ਫ਼ਰੀਦਕੋਟ ਦੇ ਸਾਹਮਣੇ ਦਿੱਤੇ ਜਾ ਰਹੇ ਧਰਨੇ ਤੋਂ ਪਹਿਲਾਂ ਕੋਈ ਗੱਲ ਨਹੀਂ ਕੀਤੀ ਜਾਵੇਗੀ ਇਸ ਸਮੇਂ ਕਾਲਾ ਸਿੰਘ ਪ੍ਰਧਾਨ ਸੁਖਦੇਵ ਸਿੰਘ ਫੌਜੀ ਬਸੰਤ ਸਿੰਘ ਕਾਬਲਵਾਲਾ ਗੁਰਜੀਤ ਸਿੰਘ ਸਾਦਿਕ ਗੁਰਮੁਖ ਸਿੰਘ ਨਵਾਂ ਕਿਲਾ ਆਦਿ ਆਗੂ ਹਾਜ਼ਰ ਸਨ ]

# ਦਵੇਸਰ ਮੋਦਗਿਲ ਬਰਾਦਰੀ ਦੀ ਸਾਲਾਨਾ ਮੇਲ 'ਚ ਲਗੀਆਂ ਰੌਣਕਾਂ



**ਜੰਡਿਆਲਾ ਗੁਰੂ/ਜਸਪਾਲ ਸ਼ਰਮਾ**

ਦਵੇਸਰ ਬ੍ਰਾਹਮਣ, ਮੋਦਗਿਲ ਬਰਾਦਰੀ ਦੀ ਸਲਾਨਾ ਮੇਲ ਧਾਰੀਵਾਲ ਨਜਦੀਕ ਪਿੰਡ ਅਖਲਾਸ ਪੁਰ ਵਿਖੇ ਬੜੀ ਸ਼ਰਧਾ ਭਾਵਨਾ ਨਾਲ ਮਨਾਈ ਗਈ ਦਵੇਸਰ ਮੋਦਗਿਲ ਬਰਾਦਰੀ ਦੇ ਪਰਿਵਾਰਾਂ ਨੇ ਪੰਜਾਬ ਦੇ ਵੱਖ ਵੱਖ ਸ਼ਹਿਰਾਂ ਅਤੇ ਪਿੰਡਾਂ ਤੋਂ ਆ ਕੇ ਅਸ਼ੀਰਵਾਦ ਪ੍ਰਾਪਤ ਕੀਤਾ ਅਤੇ ਸੇਵਾ ਕੀਤੀ ਇਸ ਮੌਕੇ ਅਸ਼ੋਕ ਦਵੇਸਰ ਨੇ ਜਾਣਕਾਰੀ ਦਿੰਦਿਆਂ ਹੋਈਆਂ ਦੱਸਿਆ ਕਿ ਇਹ ਮੇਲ ਮੋਦਗਿਲ ਦਵੇਸਰ ਬਰਾਦਰੀ ਦੀ ਹਰ ਸਾਲ ਦੀ ਤਰਾਂ ਇਸ ਸਾਲ ਵੀ ਬੜੀ ਸ਼ਰਧਾ ਭਾਵਨਾ ਨਾਲ ਮਨਾਈ ਗਈ ਇਸ ਮੇਲ ਦੌਰਾਨ ਹਵਨ ਯੱਗ ਸਵੇਰੇ 7 ਵਜੇ ਕੁਲ ਦੇਵਤਾ ਮੰਦਰ ਵਿੱਚ ਕੀਤਾ ਗਿਆ ਅਤੇ ਕੀਰਤਨ ਮੰਡਲੀ ਵੱਲੋ ਭਜਨ ਬੋਲ ਕੇ ਆਈ ਹੋਈ ਸੰਗਤ ਨੂੰ ਨਿਹਾਲ ਕੀਤਾ ਕਾਦੀਆ ਤੋਂ ਆਈ ਹੋਈ ਭਜਨ ਮੰਡਲੀ ਨੇ ਮਾਤਾ ਰਾਣੀ ,ਸ਼ਿਵ ਭੋਲੇ ,ਕ੍ਰਿਸ਼ਨ ਰਾਧਾ ਜੀ ,ਸ਼੍ਰੀ ਬਾਵਾ ਲਾਲ ਦਯਾਲ ਜੀ ਦੇ ਬਹੁਤ ਸੁੰਦਰ ਭਜਨ ਗਾ ਕੇ ਸੰਗਤਾਂ ਦਾ ਮੰਨ ਮੋਹ ਲਿਆ ਇਸ ਮੌਕੇ ਤੇ ਸ਼ਬੀਲ ਵੀ ਲਗਾਈ ਗਈ ਲੰਗਰ ਭੰਡਾਰਾ ਅਤੁੱਟ ਵਰਤਾਇਆ ਗਿਆ ਇਸ ਮੌਕੇ ਅਸ਼ੋਕ ਕੁਮਾਰ ਦਵੇਸਰ ,ਪਵਨ ਦਵੇਸਰ,ਵਿਜੈ ਦਵੇਸਰ, ਰਵੀ ਦਵੇਸਰ, ਰਜੇਸ਼ ਦਵੇਸਰ, ਰਾਜਸਥਾਨ ਤੋਂ ਕੇਸ਼ਵ ਦਵੇਸਰ,ਸੁਮੀਤ ਦਵੇਸਰ , ਪ੍ਰਿੰਸ ਦਵੇਸਰ ,ਵਰੁਣ ਦਵੇਸਰ ,ਅਭਿਨਵ ਦਵੇਸਰ,ਅਸ਼ਵਨੀ ਦਵੇਸਰ ਆਦਿ ਨੇ ਜੰਡਿਆਲਾ ਗੁਰੂ ਤੋਂ ਜਾ ਕੇ ਸੇਵਾ ਕੀਤੀ।